




ਰੋਜ਼ਾਨਾ ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : lokbani08@gmail.com

28 ਜਨਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)









R.N.I. /Punpun/29016/2008/ ● ਸਾਲ : 14 ● ਅੰਕ : 394 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111


## ਪਾਕਿਸਤਾਨੀ ਦੀ ਕਰੰਸੀ ਦਾ ਬੁਰਾ ਹਾਲ, ਹੇਠਲੇ ਪੱਧਰ ਤੇ ਪਹੁੰਚੀ ਅਰਥਵਿਵਸਥਾ



**ਇਸਲਾਮਾਬਾਦ/ਲੋਕ ਬਾਣੀ**

ਵਿੱਤੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ ‘ਚ ਪਾਕਿਸਤਾਨੀ ਰੁਪਏ ਦੇ ਮੁਕਾਬਲੇ ਡਾਲਰ ਦੀ ਕੀਮਤ ਰਿਕਾਰਡ ਪੱਧਰ ‘ਤੇ ਪਹੁੰਚ ਗਈ ਹੈ। ਪਾਕਿਸਤਾਨੀ ਟੀਵੀ ਚੈਨਲ ਜੀਓ ਟੀਵੀ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਦੀ ਕਰੰਸੀ ਸ਼ੁੱਕਰਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 261 ਰੁਪਏ ਦੇ ਰਿਕਾਰਡ ਹੇਠਲੇ ਪੱਧਰ ‘ਤੇ ਆ ਗਈ। ਇਹ ਗਿਰਾਵਟ ਉਦੋਂ ਆਈ ਹੈ ਜਦੋਂ ਸਰਕਾਰ ਨੇ ਅੰਤਰਰਾਸ਼ਟਰੀ ਮੁਦਰਾ ਫੰਡ ਤੋਂ ਬਹੁਤ ਲੋੜੀਂਦਾ ਬੇਲਆਊਟ ਪੈਕੇਜ ਪ੍ਰਾਪਤ ਕਰਨ ਲਈ ਐਕਸਚੇਂਜ ਦਰ ‘ਤੇ ਆਪਣੀ ਪਕੜ ਢਿੱਲੀ ਕਰ ਦਿੱਤੀ ਹੈ।

ਮੀਡੀਆ ਰਿਪੋਰਟਾਂ ਮੁਤਾਬਕ IMF ਨੇ ਪਾਕਿ ਸਰਕਾਰ ਨੂੰ ਆਪਣਾ ਕੰਟਰੋਲ ਖਤਮ ਕਰਨ ਅਤੇ ਬਾਜ਼ਾਰ ਬਲਾਂ ਨੂੰ ਮੁਦਰਾ ਦਰ ਨਿਰਧਾਰਤ ਕਰਨ ਦੀ ਇਜਾਜ਼ਤ ਦੇਣ ਲਈ ਕਿਹਾ ਸੀ। ਆਰਥਿਕ ਸੰਕਟ ਵਿੱਚੋਂ ਲੰਘ ਰਹੇ ਪਾਕਿਸਤਾਨ ਨੇ ਇਸ ਬੇਹੱਦ ਔਖੀ ਸ਼ਰਤ ਨੂੰ ਆਸਾਨੀ ਨਾਲ ਸਵੀਕਾਰ ਕਰ ਲਿਆ ਸੀ। ਦੱਸ ਦੇਈਏ ਕਿ ਪਾਕਿਸਤਾਨ 6.5 ਬਿਲੀਅਨ ਡਾਲਰ ਦੀ ਫੰਡਿੰਗ ਪ੍ਰਾਪਤ ਕਰਨ ਲਈ ਗਲੋਬਲ ਬਾਡੀ ਦੀ ਮਨਜ਼ੂਰੀ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਕਿ ਫਿਲਹਾਲ ਰੁਕਿਆ ਹੋਇਆ ਹੈ। ਇਸ ਦੇ ਨਾਲ ਹੀ ਪਾਕਿਸਤਾਨ ਨੂੰ ਡਾਲਰਾਂ ਦੀ ਵੀ ਭਾਰੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਆਂਢੀ ਦੇਸ਼ ਕੋਲ £੫ ਬਿਲੀਅਨ ਤੋਂ ਘੱਟ ਭੰਡਾਰ ਹਨ, ਜੋ ਕਿ ਇਸਦੇ ਤਿੰਨ ਹਫ਼ਤਿਆਂ ਦੇ ਆਯਾਤ ਨੂੰ ਵਿੱਤ ਦੇਣ ਲਈ ਸ਼ਾਇਦ ਹੀ ਕਾਫ਼ੀ ਹੈ। ਰਿਪੋਰਟ ਮੁਤਾਬਕ ਪਾਕਿਸਤਾਨ ਸਰਕਾਰ ਨੂੰ ਲਗਜ਼ਰੀ ਕਾਰਾਂ ਜਾਂ ਹੋਰ ਸਮਾਨ ‘ਤੇ ਹੋਣ ਵਾਲੇ ਭਾਰੀ ਖਰਚੇ ਨੂੰ ਰੋਕਣ ਲਈ ਨਵੀਂ ਨੀਤੀ ਲਿਆਉਣੀ ਚਾਹੀਦੀ ਸੀ ਪਰ ਇੱਥੇ ਵੀ ਸਰਕਾਰ ਪੂਰੀ ਤਰਾਂ ਫੇਲ ਹੁੰਦੀ ਨਜ਼ਰ ਆ ਰਹੀ ਹੈ।

## ਨਾਈਜੀਰੀਆ ’ਚ ਹੋਏ ਬੰਬ ਧਮਾਕੇ ਵਿੱਚ 50 ਲੋਕਾ ਦੀ ਹੋਈ ਮੌਤ



**ਦਿੱਲੀ/ਕਪੂਰ**

ਮੱਧ ਨਾਈਜੀਰੀਆ ‘ਚ ਹੋਏ ਬੰਬ ਧਮਾਕੇ ‘ਚ 50 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ, ਜਦਕਿ ਕਈ ਜ਼ਖਮੀ ਹੋ ਗਏ। ਇਹ ਖੇਤਰ ਪਹਿਲਾਂ ਹੀ ਨਸਲੀ ਅਤੇ ਧਾਰਮਿਕ ਤਣਾਅ ਲਈ ਜਾਣਿਆ ਜਾਂਦਾ ਹੈ। ਇਹ ਘਟਨਾ ਉੱਤਰੀ ਮੱਧ ਨਾਈਜੀਰੀਆ ਦੇ ਨਸਾਰਾਵਾ ਅਤੇ ਬੇਨੂ ਰਾਜਾਂ ਵਿਚਕਾਰ ਵਾਪਰੀ। ਮੱਧ ਬੈਲਟ ਵਜੋਂ ਜਾਣੇ ਜਾਂਦੇ ਮੱਧ ਨਾਈਜੀਰੀਆ ਵਿੱਚ ਨਸਲੀ ਬਦਲੇ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਆਜੜੀਆਂ ਅਤੇ ਕਿਸਾਨਾਂ ਵਿਚਾਲੇ ਹੋਏ ਟਕਰਾਅ ਕਾਰਨ ਹਿੰਸਾ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਇਸ ਤੋਂ ਪਹਿਲਾਂ ਖ਼ਬਰ ਆਈ ਸੀ ਕਿ ਬੰਬ ਧਮਾਕੇ ਵਿਚ 27 ਚਰਵਾਹਿਆਂ ਦੀ ਮੌਤ ਹੋ ਗਈ ਸੀ। ਪਰ ਰਾਇਟਰਜ਼ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬੰਬ ਧਮਾਕੇ ਵਿਚ 54 ਲੋਕਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦਕਿ ਕਈ ਹੋਰ ਜ਼ਖਮੀ ਹੋ ਗਏ।

## ਹਰਿਆਣਾ ’ਚ ਹੋਈ 45 ਗਾਵਾਂ ਦੀ ਭੇਦਭਰੀ ਮੌਤ

**ਚੰਡੀਗੜ/ਵਿਨੋਦ ਸ਼ਰਮਾ**

ਕਰਨਾਲ ਦੀ ਇਕ ਗਊਸ਼ਾਲਾ ਵਿਚ ਭੇਤਭਰੀ ਹਾਲਤ ਵਿਚ 45 ਗਾਵਾਂ ਦੀ ਅਚਾਨਕ ਮੌਤ ਹੋ ਜਾਣ ਕਾਰਨ ਗਊ ਪ੍ਰੇਮੀਆਂ ਨੂੰ ਭਾਰੀ ਨਮੋਸ਼ੀ ਹੋਈ। ਦੱਸਿਆ ਜਾ ਰਿਹਾ ਕਿ ਫੂਸਗੜ ਮਾਰਗ ਸਥਿਤ ਬਾਬਾ ਬੰਸੀ ਵਾਲਾ ਗਊਸ਼ਾਲਾ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਗਾਵਾਂ ਰੱਖੀਆ ਹੋਈਆਂ ਹਨ, ਜਿਨਾਂ ਵਿਚੋਂ 2 ਅਤੇ 3 ਵਾੜੇ ਵਿਚ ਪਾਏ ਗਏ ਚਾਰੇ ਨੂੰ ਖਾਣ ਵਾਲੀਆਂ ਗਾਵਾਂ ਹੀ ਮੌਤ ਦਾ ਸ਼ਿਕਾਰ ਹੋਈਆਂ ਹਨ।

## ਪੰਜਾਬ ’ਚ ਆਪ ਦੇ ਵਿਧਾਇਕ ਤੇ ਲਾਏ ਲੜਕੀ ਨੇ ਗੰਭੀਰ ਇਲਜਾਮ

**ਬਠਿੰਡਾ/ਲੋਕ ਬਾਣੀ**

ਬਠਿੰਡਾ ਵਿੱਚ ਕੀਤੀ ਇੱਕ ਪ੍ਰੈਸ ਕਾਨਫਰੰਸ ਦੌਰਾਨ ਪਿੰਡ ਫੱਤਾ ਦੀ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੁਝ ਸਮਾਂ ਪਹਿਲਾਂ ਸਹਿਕਾਰਤਾ ਵਿਭਾਗ ਅਧੀਨ ਚਲ ਰਹੀਆਂ ਸੁਸਾਇਟੀਆਂ ਵਿੱਚ ਬਿਜ਼ਨਸ ਅਸਿਸਟੈਂਟ ਦੀਆਂ 19 ਪੋਸਟਾਂ ਕੱਢਿਆ ਸਨ। ਜਿਸ ਲਈ ਉਸ ਨੇ ਵੀ ਅਪਲਾਈ ਕੀਤਾ ਸੀ ਤੇ ਉਸ ਦੀ ਮੈਰਿਟ ਸਾਰੇ ਉਮੀਦਵਾਰਾਂ ਵਿਚੋਂ ਉਪਰ ਸੀ।ਪ੍ਰੰਤੂ ਹਲਕਾ ਵਿਧਾਇਕ ਵੱਲੋਂ ਆਪਣੇ ਇੱਕ ਚਹੇਤੇ ਨੌਜਵਾਨ ਨੂੰ ਐਡਜਸਟ ਕਰਵਾਉਣ ਲਈ ਉਸ ਉਪਰ ਜੋਇਨ ਨਾ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਕਤ ਲੜਕੀ ਨੇ ਹਲਕਾ ਵਿਧਾਇਕ ਦੀ ਕਥਿਤ ਦਬਾਅ ਪਾਉਣ ਵਾਲੀ ਵੀਡੀਓ ਵੀ ਜਾਰੀ ਕਰਦਿਆਂ ਕਿਹਾ ਕਿ ਇਸ ਸਬੰਧ ਵਿੱਚ ਉਸਨੇ ਮੁੱਖ ਮੰਤਰੀ ਦਫ਼ਤਰ ਤੱਕ ਵੀ ਪਹੁੰਚ ਕੀਤੀ ਸੀ। ਉਸ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਅਤੇ ਭੈਣ ਦੇ ਵੀ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਗਿਆ ਹੈ। ਜਿਨਾਂ ਉਸ ਨੂੰ ਭਰੋਸਾ ਦਵਾਇਆ ਹੈ ਕਿ ਉਸਦੇ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ। ਗੁਰਪ੍ਰੀਤ ਨੇ ਗਣਤੰਤਰਤਾ ਦਿਵਸ ਮੌਕੇ ਬਠਿੰਡਾ ਪੁੱਜ ਰਹੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਉਹਨਾਂ ਸਮੇਤ ਸਮੂਹ ਪੰਜਾਬੀਆਂ ਨੇ ਬਦਲਾਅ ਦੀ ਆਸ ਨਾਲ ਉਨਾਂ ਨੂੰ ਵੋਟਾਂ ਪਾਈਆਂ ਸਨ। ਪ੍ਰੰਤੂ ਹੁਣ ਉਹ ਆਪਣੇ ਵਿਧਾਇਕ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਨੱਥ ਪਾਉਣ।



## ਭਾਰਤ ਦੇ ਦੱਖਣੀ ਅਫਰੀਕਾ ਵਿੱਚ ਹੋਇਆ ਵੱਡਾ ਸਮਝੋਤਾ

**ਦਿੱਲੀ/ਕਪੂਰ**

ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਅਨੁਸਾਰ ਦੱਖਣੀ ਅਫ਼ਰੀਕਾ ਅਤੇ ਭਾਰਤ ਨੇ ਭਾਰਤ ਵਿਚ ਚੀਤਾ ਦੀ ਮੁੜ-ਪਛਾਣ ਵਿਚ ਸਹਿਯੋਗ ਲਈ ਇੱਕ ਸਮਝੌਤਾ ‘ਤੇ ਹਸਤਾਖਰ ਕੀਤੇ ਹਨ। ਸਮਝੌਤੇ ਦੇ ਤਹਿਤ ਫਰਵਰੀ 2023 ਵਿਚ ਦੱਖਣੀ ਅਫਰੀਕਾ ਤੋਂ ਭਾਰਤ ਲਈ 12 ਚੀਤਿਆਂ ਦਾ ਸ਼ੁਰੂਆਤੀ ਜਥਾ ਭੇਜਿਆ ਜਾਵੇਗਾ। ਹਰ 5 ਸਾਲਾਂ ਵਿਚ ਸਮਝੌਤੇ ਦੀਆਂ ਸ਼ਰਤਾਂ ਦੀ ਸਮੀਖਿਆ ਕੀਤੀ ਜਾਵੇਗੀ।

## ਭਾਰਤ ਪਾਕਿਸਤਾਨ ਸਰਹੱਦ ਲਾਗੋ ਫੜੀ ਗਈ 15 ਕਰੋੜ ਦੀ ਹੈਰੋਇਨ

**ਚੰਡੀਗੜ/ਵਿਨੋਦ ਸ਼ਰਮਾ**

ਹਿੰਦ ਪਾਕਿ ਅੰਤਰਰਾਸ਼ਟਰੀ ਸਰਹੱਦ ਨੇੜੇ ਪੈਂਦੇ ਪਿੰਡ ਟੇਡੀ ਵਾਲਾ ਤੋਂ ਬੀ. ਐੱਸ. ਐਫ਼ ਦੇ ਜਵਾਨਾਂ ਵਲੋ ਕਰੀਬ 15 ਕਰੋੜ ਦੀ ਹੈਰੋਇਨ ਦੇ ਤਿੰਨ ਪੈਕੇਟ ਬਰਾਮਦ ਕੀਤੀ ਗਈ ਹੈ, ਜਿਨਾਂ ਨੂੰ ਪੀਲੀ ਟੇਪ ਵਿਚ ਲਪੇਟਿਆ ਹੋਇਆ ਸੀ।

## ਕੋਲੇ ਦੀ ਖਾਣ ਵਿੱਚ ਦਮ ਘੁੱਟਣ ਨਾਲ 4 ਦੀ ਹੋਈ ਮੌਤ

**ਭੋਪਾਲ/ਲੋਕ ਬਾਣੀ**

ਮੱਧ ਪ੍ਰਦੇਸ਼ ਦੇ ਸ਼ਾਹਡੋਲ ‘ਚ ਕੋਲੇ ਦੀ ਖਾਣ ‘ਚ ਦਮ ਘੁੱਟਣ ਨਾਲ 4 ਲੋਕਾਂ ਦੀ ਮੌਤ ਹੋ ਗਈ। ਐਸ.ਪੀ. ਕੁਮਾਰ ਪ੍ਰਤੀਕ ਨੇ ਦੱਸਿਆ ਕਿ ਇਹ ਚਾਰੇ ਲੋਹੇ ਦਾ ਸਾਮਾਨ ਚੋਰੀ ਕਰਨ ਦੇ ਇਰਾਦੇ ਨਾਲ ਪੁਰਾਣੀ ਬੰਦ ਪਈ ਖਦਾਨ ਵਿਚ ਦਾਖ਼ਲ ਹੋਏ ਸਨ। ਪਹਿਲੀ ਨਜ਼ਰੇ ਜਾਣਕਾਰੀ ਮਿਲੀ ਹੈ ਕਿ ਗੈਸ ਲੀਕ ਹੋਣ ਕਾਰਨ ਇਨਾਂ ਦੀ ਮੌਤ ਹੋਈ ਹੈ।



## ਕਸ਼ਮੀਰ ਪੁਲਿਸ ਨੇ ਦਿੱਤੀ ਭਾਰਤ ਜੋੜੋ ਯਾਤਰਾ ਤੇ ਸਫਾਈ

**ਸ਼੍ਰੀਨਗਰ/ਲੋਕ ਬਾਣੀ**

ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਸੁਰੱਖਿਆ ਸੰਬੰਧੀ ਹੋਈ ਅਣਗਹਿਲੀ ਸੰਬੰਧੀ ਕਸ਼ਮੀਰ ਜ਼ੋਨ ਪੁਲਿਸ ਨੇ ਦੱਸਿਆ ਕਿ ਭਾਰਤ ਜੋੜੋ ਯਾਤਰਾ ਦੇ ਰੂਟ ‘ਤੇ ਪ੍ਰਬੰਧਕਾਂ ਵਲੋਂ ਅਧਿਕਾਰਤ ਵਿਅਕਤੀਆਂ ਨੂੰ ਹੀ ਅੰਦਰ ਜਾਣ ਦਿੱਤਾ ਗਿਆ ਸੀ। ਭਾਰਤ ਜੋੜੋ ਯਾਤਰਾ ਦੇ ਪ੍ਰਬੰਧਕਾਂ ਨੇ ਬਨਿਹਾਲ ਤੋਂ ਯਾਤਰਾ ਵਿਚ ਸ਼ਾਮਿਲ ਹੋਣ ਵਾਲੇ ਵੱਡੇ ਇਕੱਠ ਬਾਰੇ ਸੂਚਿਤ ਨਹੀਂ ਕੀਤਾ ਸੀ। ਪੁਲਿਸ ਨੇ ਕਿਹਾ ਕਿ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਗਏ ਸਨ।


## ਤਰਨਤਾਰਨ ਜਿਲ੍ਹੇ ਤੋਂ ਜਰੂਰਤ

**ਰੋਜ਼ਾਨਾ ਲੋਕ ਬਾਣੀ ਅਖਬਾਰ**

ਰੋਜਾਨਾ ਲੋਕ ਬਾਣੀ ਅਖਬਾਰ ਨੂੰ ਜਿਲ੍ਹਾ ਤਰਨਤਾਰਨ ਦੇ ਕਸਬਿਆਂ ਤੋਂ ਪੱਤਰਕਾਰ ਤੇ ਫੋਟੋਗ੍ਰਾਫਰ, ਜਿਲ੍ਹਾ ਇੰਚਾਰਜ ਦੀ ਜਰੂਰਤ ਹੈ।

**ਸੰਪਰਕ ਕਰੋ**

0181-2211009

ਪੱਤਰਕਾਰਾਂ ਲਈ ਸੁਨਹਿਰਾ ਮੌਕਾ

**ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ**

**ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111**

# ਜ਼ਿਲ੍ਹਾ ਗੁਰਦਾਸਪੁਰ ਵਿੱਚ 34 ਹੋਰ ਆਮ ਆਦਮੀ ਕਲੀਨਿਕ ਹੋਏ ਲੋਕਾਂ ਨੂੰ ਸਮਰਪਿਤ

## ਜ਼ਿਲ੍ਹੇ ਵਿੱਚ ਆਮ ਆਦਮੀ ਕਲੀਨਿਕਾਂ ਦੀ ਕੁੱਲ ਗਿਣਤੀ ਹੋਈ 36, ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਵੀ ਚਾਰ ਹੋਰ ਨਵੇਂ ਆਮ ਆਦਮੀ ਕਲੀਨਿਕ ਸ਼ੁਰੂ ਹੋਏ

**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਉੱਚ ਦਰਜੇ ਦੀਆਂ ਸਿਹਤ ਸਹੂਲਤਾਂ ਘਰਾਂ ਦੇ ਨੇੜੇ ਮੁਹੱਈਆ ਕਰਵਾਉਣ ਦੇ ਮਕਸਦ ਵਜੋਂ ਸੂਬੇ ਭਰ ਵਿੱਚ ਪਹਿਲੇ ਪੜਾਅ ਵਿੱਚ ਖੋਲ੍ਹੇ ਗਏ 100 ਆਮ ਆਦਮੀ ਕਲੀਨਿਕਾਂ ਦੀ ਸਫਲਤਾ ਤੋਂ ਬਾਅਦ ਪੰਜਾਬ ਸਰਕਾਰ ਨੇ ਸੂਬੇ ਵਿੱਚ 400 ਹੋਰ ਕਲੀਨਿਕ ਚਾਲੂ ਕਰ ਦਿੱਤੇ ਹਨ, ਭਾਵ ਹੁਣ ਪੂਰੇ ਪੰਜਾਬ ਵਿੱਚ ਇਨ੍ਹਾਂ ਦੀ ਕੁੱਲ ਗਿਣਤੀ 500 ਹੋ ਗਈ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਵੀ ਅੱਜ 34 ਹੋਰ ਆਮ ਆਦਮੀ ਕਲੀਨਿਕ ਕਾਰਜਸ਼ੀਲ ਹੋ ਗਏ ਹਨ ਅਤੇ ਜ਼ਿਲ੍ਹੇ ਵਿੱਚ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਹੁਣ 36 ਹੋ ਗਈ ਹੈ। ਦੋ ਆਮ ਆਦਮੀ ਕਲੀਨਿਕ ਮਸਾਣੀਆਂ ਅਤੇ ਬੋਪੁਰ ਸੈਦਾਂ ਵਿਖੇ ਪਹਿਲਾਂ ਹੀ ਚੱਲ ਰਹੇ ਹਨ। ਇਹ 33 ਨਵੇਂ ਕਲੀਨਿਕ ਮਾਨ ਕੌਰ ਸਿੰਘ, ਬੱਬੇਹਾਲੀ, ਭੁੰਬਲੀ, ਰਣਜੀਤ ਬਾਗ, ਚੰਦਰ ਨਗਰ ਬਟਾਲਾ, ਗਾਂਧੀ ਕੈਂਪ ਬਟਾਲਾ, ਬਹਿਰਾਮਪੁਰ, ਜਰੋਲੀ, ਮਰਾੜਾ, ਭਰਥ, ਕੰਡੀਲਾ, ਮੰਡ, ਸ੍ਰੀ ਹਰਗੋਬਿੰਦਪੁਰ ਸਾਹਿਬ, ਊਧਨਵਾਲ, ਭੁੱਲਰ, ਜੈਤੋ ਸਰਜਾ, ਪੰਜ ਗਰਾਈਆਂ, ਰੰਗੜ ਨੰਗਲ, ਤਾਰਾਗੜ੍ਹ, ਵਡਾਲਾ ਗ੍ਰੰਥੀਆਂ, ਧਿਆਨਪੁਰ, ਧਰਮਕੋਟ ਰੰਧਾਵਾ, ਦੇੜ ਗਵਾਰ, ਦੋਰਾਂਗਲਾ, ਜੌੜਾ ਛੱਤਰਾਂ, ਅਲੀਵਾਲ, ਕਾਲਾ ਅਫ਼ਗਾਨਾ, ਗਿੱਲ ਮੰਝ, ਗੁੰਨੋਪੁਰ, ਨਾਨੋਵਾਲ, ਵਡਾਲਾ ਬਾਂਗਰ, ਸਤਕੋਹਾ, ਕਲਿਆਨਪੁਰ ਅਤੇ ਰਣਜੀਤ ਬਾਗ ਵਿਖੇ ਅੱਜ ਕਾਰਜਸ਼ੀਲ ਹੋ ਗਏ ਹਨ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਅੱਜ ਬੱਬੇਹਾਲੀ, ਮਾਨ ਕੌਰ ਸਿੰਘ, ਭੁੰਬਲੀ ਅਤੇ ਜੌੜਾ ਛੱਤਰਾਂ ਵਿਖੇ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਸਿਵਲ ਸਰਜਨ ਡਾ. ਕੁਲਵਿੰਦਰ ਕੌਰ, ਸਹਾਇਕ ਸਿਵਲ ਸਰਜਨ ਡਾ. ਭਾਰਤ ਭੂਸ਼ਨ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰੋਮੀ ਰਾਜਾ, ਐੱਸ.ਐੱਮ.ਓ. ਡਾ. ਚੇਤਨਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ। ਇਸ ਮੌਕੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਿਹਤ ਅਤੇ ਸਿੱਖਿਆ ਖੇਤਰ ਵਿੱਚ ਮਿਸਾਲੀ ਤਬਦੀਲੀਆਂ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ। ਨਵੇਂ ਬਣੇ ਆਮ ਆਦਮੀ ਕਲੀਨਿਕ ਸਿਹਤ ਖੇਤਰ ਵਿੱਚ ਇੱਕ ਵੱਡੀ ਕ੍ਰਾਂਤੀ ਸਾਬਿਤ ਹੋਣਗੇ। ਉਨ੍ਹਾਂ ਦੱਸਿਆ ਇਨ੍ਹਾਂ ਕਲੀਨਿਕਾਂ ਵਿੱਚ ਵੱਖ-ਵੱਖ ਤਰ੍ਹਾਂ ਦੇ 41 ਟੈਸਟ ਅਤੇ 93 ਤਰ੍ਹਾਂ ਦੀਆਂ ਦਵਾਈਆਂ ਬਿਲਕੁਲ ਮੁਫ਼ਤ ਮੁਹੱਈਆ ਹੋਣਗੀਆਂ। ਇਹ ਕਲੀਨਿਕ ਸਵੇਰੇ 9 ਤੋਂ 3 ਵਜੇ ਤੱਕ ਸਰਦੀਆਂ ਵਿੱਚ ਅਤੇ 8 ਤੋਂ 2 ਵਜੇ ਤੱਕ ਗਰਮੀਆਂ ਵਿੱਚ ਸੋਮਵਾਰ ਤੋਂ ਸ਼ਨੀਵਾਰ ਤੱਕ ਖੁੱਲ੍ਹੇ ਰਹਿਣਗੇ। ਉਨ੍ਹਾਂ ਦੱਸਿਆ ਕਿ ਕਲੀਨਿਕ ਦੇ ਖੁੱਲ੍ਹਣ ਨਾਲ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਉੱਚ ਪੱਧਰ ਦੀਆਂ ਸਿਹਤ ਸਹੂਲਤਾਂ ਮਿਲਣ ਲੱਗੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀ ਸੂਬੇ ਦੇ ਲੋਕਾਂ ਨੂੰ ਉੱਚ ਪੱਧਰੀ ਸਿਹਤ ਸਹੂਲਤਾਂ ਮੁਹਈਆ ਕਰਵਾਉਣ ਦੀ ਵਚਨਬੱਧਤਾ ਨੂੰ ਪੂਰਾ ਕਰਨ ਵੱਲ ਇਹ ਉਸਾਰੂ ਕਦਮ ਹੈ, ਜਿਸ ਦਾ ਲੋਕਾਂ ਨੂੰ ਭਰਪੂਰ ਲਾਹਾ ਮਿਲ ਰਿਹਾ ਹੈ। ਇਸ ਮੌਕੇ ਆਮ ਆਦਮੀ ਕਲੀਨਿਕ ਸ਼ੁਰੂ ਹੋਣ ▾ਤੇ ਸਬੰਧਤ ਪਿੰਡਾਂ ਅਤੇ ਆਸ-ਪਾਸ ਦੇ ਇਲਾਕੇ ਦੇ ਵਸਨੀਕਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ।




ਰੋਜ਼ਾਨਾ ਲੋਕ ਬਾਣੀ

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਵਿੱਚ ਕਾਨੂੰਨੀ ਸਾਖਰਤਾ ਮੁਹਿੰਮ ਤਹਿਤ ਸੈਮੀਨਾਰ




**ਗੁਰਦਾਸਪੁਰ/ਨਵਨੀਤ ਕੁਮਾਰ**

ਸ੍ਰੀ ਰਜਿੰਦਰ ਅਗਰਵਾਲ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੈਡਮ ਨਵਦੀਪ ਕੌਰ ਗਿੱਲ ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਅੱਜ ਪੈਨਲ ਐਡਵੋਕੇਟਜ਼ ਸ੍ਰੀ ਪ੍ਰਭਦੀਪ ਸਿੰਘ ਸੰਧੂ ਅਤੇ ਮਿਸ ਸ਼ੁਭਪ੍ਰੀਤ ਕੌਰ ਨਾਲ ਕੇਂਦਰ ਜੇਲ੍ਹ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕਾਨੂੰਨੀ ਸਾਖਰਤਾ ਮੁਹਿੰਮ ਤਹਿਤ ਕੇਂਦਰੀ ਜੇਲ੍ਹ ਅੰਦਰ ਬੰਦ ਹਵਾਲਾਤੀਆਂ ਅਤੇ ਕੈਦੀਆਂ ਲਈ ਕਾਨੂੰਨੀ ਜਾਗਰੂਕਤਾ ਦਾ ਸੈਮੀਨਾਰ ਲਗਾਇਆ। ਸੈਮੀਨਾਰ ਦੌਰਾਨ ਮੈਡਮ ਨਵਦੀਪ ਕੌਰ ਗਿੱਲ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ, ਪੈਨਲ ਐਡਵੋਕੇਟਜ਼ ਸ੍ਰੀ ਪ੍ਰਭਦੀਪ ਸਿੰਘ ਸੰਧੂ ਅਤੇ ਮਿਸ ਸ਼ੁਭਪ੍ਰੀਤ ਕੌਰ ਵੱਲੋਂ ਨਾਲਸਾ ਦੀਆਂ ਸਕੀਮਾਂ ਬਾਰੇ, ਕਾਨੂੰਨੀ ਹੱਕਾਂ ਬਾਰੇ, ਮੁਫ਼ਤ ਕਾਨੂੰਨੀ ਸਹਾਇਤਾ ਅਤੇ ਪਟੀਸ਼ਨ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ। ਸੈਮੀਨਾਰ ਦੌਰਾਨ ਮੈਡਮ ਨਵਦੀਪ ਕੌਰ ਗਿੱਲ ਵੱਲੋਂ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਗਿਆ ਅਤੇ ਜਿਨ੍ਹਾਂ ਹਵਾਲਾਤੀਆਂ ਕੋਲ ਵਕੀਲ ਨਹੀਂ ਸਨ ਉਨ੍ਹਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵਕੀਲ ਦਿੱਤੇ ਗਏ। ਮੈਡਮ ਨਵਦੀਪ ਕੌਰ ਗਿੱਲ ਨੇ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕਾਨੂੰਨੀ ਸਾਖਰਤਾ ਮੁਹਿੰਮ ਤਹਿਤ ਸੈਮੀਨਾਰਾਂ ਦਾ ਇਹ ਸਿਲਸਲਾ ਭਵਿੱਖ ਵਿੱਚ ਵੀ ਜਾਰੀ ਰਹੇਗਾ।

ਰੋਜ਼ਾਨਾ ਲੋਕ ਬਾਣੀ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਬਾ ’ਚ ਨੈਸ਼ਨਲ ਵੋਟਰ ਦਿਵਸ ਮਨਾਇਆ ਗਿਆ







**ਅੰਮ੍ਰਿਤਸਰ/ਰਵੀ ਸਹਿਗਲ**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਬਾ ਵਿੱਚ ਨੈਸ਼ਨਲ ਵੋਟਰ ਦਿਵਸ ਮਨਾਇਆ ਗਿਆ ਅਤੇ ਸਵੇਰ ਦੀ ਪ੍ਰਾਰਥਨਾ ਸਭਾ ਦੇ ਵਿਚ ਸਕੂਲ ਸਟਾਫ਼ ਅਤੇ ਪ੍ਰਿੰਸੀਪਲ ਅਵਤਾਰ ਸਿੰਘ ਦੁਆਰਾ ਵੋਟਰ ਪ੍ਰਣ ਦੀ ਸਹੁੰ ਚੁਕਾਈ ਗਈ। ਇਸ ਦੇ ਨਾਲ ਹੀ ਪ੍ਰਿੰਸੀਪਲ ਅਵਤਾਰ ਸਿੰਘ ਅਤੇ ਵੱਖ-ਵੱਖ ਸਕੂਲਾਂ ਤੋਂ ਆਏ ਦੀ ਬੀ ਐਲ ਓਜ਼ ਦੁਆਰਾ ਵਿਦਿਆਰਥੀਆਂ ਨੂੰ ਵੋਟਰ ਅਧਿਕਾਰ ਦੇ ਬਾਰੇ ਜਾਣੂ ਕਰਵਾਇਆ ਗਿਆ ਅਤੇ ਦਸਿਆ ਗਿਆ ਕਿ ਜਿਨ੍ਹਾਂ ਵਿਦਿਆਰਥੀਆਂ ਦੀ ਉਮਰ 18 ਸਾਲ ਹੋ ਜਾਂਦੀ ਹੈ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਜਾਂਦਾ ਹੈ ਉਹ ਵੋਟ ਪਾ ਸਕਦੇ ਹਨ।

ਏਸ ਦੇ ਨਾਲ ਹੀ ਬੀਐਲਓਜ਼ ਦੁਆਰਾ ਵਿਦਿਆਰਥੀਆਂ ਨੂੰ ਈਵੀਐਮ ਮਸ਼ੀਨ ਉਪਰ ਵੋਟ ਕਿਸ ਤਰ੍ਹਾਂ ਪਾਉਣੀ ਹੈ ਇਸ ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ।ਇਸ ਦੇ ਨਾਲ ਇਹ ਜਾਣਕਾਰੀ ਮਾਪਿਆਂ ਨਾਲ ਵੀ ਸਾਂਝੀ ਕਰਨ ਦੇ ਲਈ ਵਿਦਿਆਰਥੀਆਂ ਨੂੰ ਕਿਹਾ ਗਿਆ। ਇਸ ਮੌਕੇ ਹਾਜ਼ਰ ਪ੍ਰਿੰਸੀਪਲ ਅਵਤਾਰ ਸਿੰਘ,ਬੀਐਲਓ ਕੰਵਲਜੀਤ ਸਿੰਘ, ਰਿਤੇਸ਼, ਅਮਰਜੀਤ ਕੌਰ, ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ

# 35ਵੀਆਂ ਕੋਕਾ ਕੋਲਾ, ਏਵਨ ਸਾਈਕਲ ਜਰਖੜ ਖੇਡਾਂ ਧੂਮਧਾਮ ਨਾਲ ਸ਼ੁਰੂ

## ਉਲੰਪਿਕ ਤਰਜ ’ਤੇ ਹੋਇਆ ਮਾਰਚ ਪਾਸਟ, ਹੋਣਹਾਰ ਬੱਚਿਆਂ ਨੂੰ ਏਵਨ ਕੰਪਨੀ ਨੇ ਕੀਤੇ ਸਾਈਕਲ ਭੇਟ






**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ**

35ਵੀਆਂ ਕੋਕਾ ਕੋਲਾ, ਏਵਨ ਸਾਈਕਲ ਜਰਖੜ ਖੇਡਾਂ ਅੱਜ ਇਥੇ ਧੂਮ ਧਾਮ ਨਾਲ ਸ਼ੁਰੂ ਹੋਈਆਂ, ਜਿਸ ਦੀ ਸ਼ੁਰੂਆਤ ਮੌਕੇ 1000 ਦੇ ਕਰੀਬ ਸਕੂਲੀ ਬੱਚਿਆਂ ਤੇ ਖਿਡਾਰੀਆਂ ਨੇ ਮਾਰਚ ਪਾਸਟ ਕੀਤਾ ਅਤੇ ਨਿਹੰਗ ਸਿੰਘਾਂ ਦੇ ਜਥੇ ਨੇ ਗੱਤਕੇ ਦੇ ਕਰਤੱਬ ਵਿਖਾਏ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਸ਼ੁਰੂ ਹੋਈਆਂ ਖੇਡਾਂ ਮੌਕੇ ਉਦਘਾਟਨ ਕਰਨ ਪਹੁੰਚੇ ਹਲਕਾ ਵਿਧਾਇਕ ਜੀਵਨ ਸਿੰਘ ਸੰਗੋਵਾਲ ਮਾਰਕਫੈਡ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ, ਪਰਮਿੰਦਰ ਸਿੰਘ ਗੋਲਡੀ ਚੇਅਰਮੈਨ ਯੂਥ ਡਿਵੇਲਪਮੈਂਟ ਬੋਰਡ ਅਤੇ ਪ੍ਰੀਤਮ ਸਿੰਘ ਗਰੇਵਾਲ ਮੇਅਰ ਹੰਸਲੋ ਇੰਗਲੈਂਡ ਨੇ ਖਿਡਾਰੀਆਂ ਦੇ ਮਾਰਚ ਪਾਸਟ ਤੋਂ ਸਲਾਮੀ ਲਈ। ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾ ਅਤੇ ਖਿਡਾਰੀਆਂ ਨੂੰ ÷ਜੀ ਆਇਆ ਆਖਿਆ÷।




ਪਹਿਲੇ ਦਿਨ ਹੋਏ ਹਾਕੀ ਮੁਕਾਬਲਿਆਂ ਵਿਚ ਹਾਬੜੀ (ਹਰਿਆਣਾ) ਨੇ ਬਠਿੰਡਾ ਨੂੰ 4-2 ਨਾਲ਼, ਹਾਕੀ ਜੂਨੀਅਰ ’ਚ ਥੂਹੀ ਅਕੈਡਮੀ ਨਾਭਾ ਨੇ ਸੰਤ ਫਤਹਿ ਸਿੰਘ ਅਕੈਡਮੀ ਢੋਲਣ ਨੂੰ 3-2 ਨਾਲ਼, ਜਰਖੜ ਅਕੈਡਮੀ ਨੇ ਬਾਗੜੀਆਂ ਨੂੰ 5-0 ਨਨਕਾਣਾ ਸਾਹਿਬ ਪਬਲਿਕ ਸਕੂਲ ਅਮਰਗੜ੍ਹ ਨੇ ਕਿਲਾ ਰਾਏਪੁਰ ਨੂੰ 5-0, ਰਾਮਪੁਰ ਕੋਚਿੰਗ ਸੈਂਟਰ ਨੇ ਜਗਤਾਰ ਇਲੈਵਨ ਜਰਖੜ ਨੂੰ 3-0 ਨਾਲ਼ ਹਰਾ ਕੇ ਜੇਤੂ ਸ਼ੁਰੂਆਤ ਕੀਤੀ। ਖੇਡਾਂ ਤੇ ਸਿਖਿਆ ’ਚ ਸਰਬੋਤਮ ਰਹੇ ਬੱਚਿਆਂ ਨੂੰ ਏਵਨ ਸਾਈਕਲ ਕੰਪਨੀ ਵੱਲੋਂ ਸਾਈਕਲਾਂ ਨਾਲ਼ ਸਨਮਾਨਿਤ ਕੀਤਾ ਗਿਆ।

ਮਾਤਾ ਸਾਹਿਬ ਕੌਰ ਚੈਰੀਟੇਬਲ ਟਰਸਟ ਵੱਲੋਂ ਕਰਵਾਈਆਂ ਜਾ ਰਹੀਆਂ ਇਨ੍ਹਾਂ ਖੇਡਾਂ ਵਿੱਚ ਨਾਇਬ ਸਿੰਘ ਜੋਧਾਂ ਆਲ ਓਪਨ ਕਬੱਡੀ ਕੱਪ, ਧਰਮ ਸਿੰਘ ਜਰਖੜ ਨਿਰੋਲ ਇੱਕ ਪਿੰਡ ਓਪਨ ਕੱਪ, ਮਹਿੰਦਰਪ੍ਰਤਾਪ ਸਿੰਘ ਗਰੇਵਾਲ ਗੋਲਡ ਕੱਪ, ਹਾਕੀ ਲੜਕੀਆਂ , ਹਾਕੀ ਜੂਨੀਅਰ ਮੁੰਡੇ, ਬਚਨ ਸਿੰਘ ਮੰਡੋਰ ਕੁਸ਼ਤੀ ਕੱਪ, ਅਮਰਜੀਤ ਸਿੰਘ ਗਰੇਵਾਲ ਵਾਲੀਬਾਲ ਕੱਪ ਆਦਿ ਖੇਡਾਂ ਦੇ ਮੁਕਾਬਲੇ ਹੋਣਗੇ।

ਇਸ ਮੌਕੇ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਪ੍ਰਧਾਨ ਹਰਕਮਲ ਸਿੰਘ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਨਰਾਇਣ ਸਿੰਘ ਗਰੇਵਾਲ, ਦੇਪਿੰਦਰ ਸਿੰਘ ਡਿੰਪੀ, ਬਲਬੀਰ ਸਿੰਘ ਇੰਸਪੈਕਟਰ, ਸਾਬੀ ਜਰਖੜ, ਅਜੈਬ ਸਿੰਘ ਗਰਚਾ ਯੂ ਕੇ, ਹਰਦੀਪ ਸਿੰਘ ਸੈਣੀ, ਲਕਸ਼ੈ ਭਾਰਤੀ, ਜੀਤ ਸਿੰਘ ਲਾਦੀਆਂ, ਹੈਰੀ ਗੁੱਜਰਵਾਲ਼, ਕੁਲਵੰਤ ਸਿੰਘ ਰੇਲਵੇ, ਨਿੰਮਾ ਡੇਹਲੋਂ, ਬਲਜੀਤ ਸਿੰਘ ਗਿੱਲ, ਤੇਜਿੰਦਰ ਸਿੰਘ ਧਮੋਟ, ਮਨਮੋਹਣ ਸਿੰਘ ਧਮੋਟ ਤੇ ਧਮੋਟ ਕਲੱਬ ਦੇ ਹੋਰ ਮੈਂਬਰਾਂ ਤੋ ਇਲਾਵਾ ਸੰਦੀਪ ਪੰਧੇਰ, ਪਰਮਜੀਤ ਸਿੰਘ ਨੀਟੂ, ਟਰੱਸਟ ਦੇ ਸਮੂਹ ਮੈਬਰ ਤੇ ਅਹੁਦੇਦਾਰ ਹਾਜਰ ਸਨ।

ਖੇਡ ਪਰਮੋਟਰ ਜਗਰੂਪ ਸਿੰਘ ਨੇ ਸਮੂਹ ਖੇਡ ਪ੍ਰੇਮੀਆਂ ਨੂੰ ਹੁੰਮ ਹੁੰਮਾ ਕੇ ਜਰਖੜ ਪਹੁੰਚਣ ਦੀ ਅਪੀਲ ਕਰਦਿਆਂ ਦੱਸਿਆ ਕਿ 28 ਜਨਵਰੀ ਨੂੰ ਹਾਕੀ ਸੀਨੀਅਰ, ਕਬੱਡੀ, ਕੁਸ਼ਤੀ ਅਤੇ ਵਾਲੀਬਾਲ ਦੇ ਮੁਕਾਬਲੇ ਹੋਣਗੇ। ਉਨ੍ਹਾਂ ਦੱਸਿਆ ਕਿ 29 ਜਨਵਰੀ ਨੂੰ ਖੇਡਾਂ ਦੀ ਸਮਾਪਤੀ ਮੌਕੇ ਲੋਕ ਗਾਇਕ ਹਰਭਜਨ ਮਾਨ ਦਾ ਅਖਾੜਾ ਲੱਗੇਗਾ।

# ਗੁਰਦੁਆਰਾ ਛੇਹਰਟਾ ਸਾਹਿਬ ਵਿਖੇ ਬਸੰਤ ਪੰਚਮੀ ਮੌਕੇ ਸੰਗਤਾਂ ਦਾ ਉਮੜਿਆ ਸੈਲਾਬ

**ਅੰਮ੍ਰਿਤਸਰ/ਰਵੀ ਸਹਿਗਲ**






ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਵਿਖੇ ਬਸੰਤ ਪੰਚਮੀ ਜੋੜ ਮੇਲਾ ਬੜੀ ਸ਼ਰਧਾ ਤੇ ਭਾਵਨਾਵਾਂ ਨਾਲ ਮਨਾਇਆ ਗਿਆ ਇਸ ਮੌਕੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰਮਤਿ ਸਮਾਗਮ ਸਜਾਏ ਗਏ ਜਿਸ ਵਿੱਚ ਰਾਗੀ ਸਿੰਘਾਂ ਵਲੋਂ ਗੁਰੂ ਜੀ ਦੀ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਢਾਡੀ ਤੇ ਕਵੀਸ਼ਰੀ ਜਥਿਆਂ ਵਲੋਂ ਗੁਰੂ ਇਤਿਹਾਸ ਤੇ ਚਾਨਣਾ ਪਾਇਆ ਗਿਆ ਇਸ ਮੌਕੇ ਮੈਨਜਰ ਗੁਰਪ੍ਰੀਤ ਸਿੰਘ ਖੈਰਾਬਾਦ ਨੇ ਗੁਰਦੁਆਰਾ ਸਾਹਿਬ ਤੇ ਬਸੰਤ ਪੰਚਮੀ ਦੇ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਛੇਹਰਟਾ : ਅੰਮਿ ?ਤਸਰ ਤੋਂ 7-8 ਕਿਲੋਮੀਟਰ ਦੂਰ ਅਟਾਰੀ ਰੋਡ ’ਤੇ ਸਥਿਤ ਗੁ. ਬੀੜ ਬਾਬਾ ਬੁੱਢਾ ਸਾਹਿਬ ਨੂੰ ਜਾਂਦਿਆਂ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਆਉਂਦਾ ਹੈ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਸਿੱਖ ਧਰਮ ਨੂੰ ਪ ?ਫੁਲਿਤ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਹੁਤ ਵੱਡਾ ਯੋਗਦਾਨ ਪਾਇਆ। ਲੋਕ ਭਲਾਈ ਹਿੱਤ ਪਾਤਸ਼ਾਹ ਨੇ ਕਈ ਕਾਰਜ ਕਰਵਾਏ। ਇਨ੍ਹਾਂ ਕਾਰਜਾਂ ਵਿਚ ਖੂਹਾਂ ਅਤੇ ਬਾਊਲੀਆਂ ਦੀ ਉਸਾਰੀ ਵੀ ਸ਼ਾਮਲ ਹੈ। ਸਤਿਗੁਰਾਂ ਨੇ ਜਨ-ਜੀਵਨ ਵਿਚ ਜਲ ਦੀ ਲੋੜ ਨੂੰ ਮੁੱਖ ਰੱਖਦਿਆਂ ਅੰਮਿ ?ਤਸਰ ਦੇ ਦੱਖਣ ਪੱਛਮ ਵੱਲ ਵਡਾਲੀ ਦੀ ਜ਼ਮੀਨ ’ਚ ਖੂਹ ਪੁਟਾਏ। ਇਥੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ ?ਕਾਸ਼ ਹਾੜ ਸੰਮਤ 1652 (ਜੂਨ 1595) ਨੂੰ ਹੋਇਆ। ਇਥੇ ਰਹਿੰਦਿਆਂ ਹੀ ਇਲਾਕੇ ਦੀ ਸੰਗਤ ਨੇ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਖੇਤਾਂ ਦੀ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਕਿੱਲਤ ਹੈ, ਇਸ ਸਮੱਸਿਆਂ ਦਾ ਕੋਈ ਹੱਲ ਕੀਤਾ ਜਾਵੇ।

ਗੁਰੂ ਸਾਹਿਬ ਨੇ ਬੇਨਤੀ ਪ ?ਵਾਨ ਕਰਦਿਆਂ ਇਥੇ ਛੇਹਰਟਾ ਖੂਹ ਪੁਟਾਇਆ, ਜਿਸ ਤੋਂ ਬਾਅਦ ਛੇਹਰਟਾ ਨਗਰ ਵਸਿਆ।

ਭਾਈ ਖਾਨ ਅਤੇ ਢੋਲ ਆਦਿ ਨੂੰ ਸਤਿਗੁਰੂ ਜੀ ਨੇ ਬਚਨ ਕੀਤਾ ਸੀ ਕਿ ਇਥੇ 21 ਖੂਹ ਪੁਟਾ ਕੇ ਪਾਣੀ ਦੀ ਥੁੜ੍ਹ ਨੂੰ ਦੂਰ ਕੀਤਾ ਜਾਵੇਗਾ ਤੇ ਹਰ ਪਾਸੇ ਹਰਿਆਲੀ ਹੀ ਹਰਿਆਲੀ ਨਜ਼ਰ ਆਵੇਗੀ। ਆਪਣੇ ਵਚਨ ਨੂੰ ਪੂਰਾ ਕਰਦਿਆਂ ਉਨ੍ਹਾਂ ਇਕ ਹਰਟਾ, ਦੋ ਹਰਟਾ, ਤਿੰਨ ਹਰਟਾ, ਚਾਰ ਹਰਟਾ, ਪੰਜ ਹਰਟਾ ਤੇ ਛੇਹਰਟਾ ਕੁਲ 21 ਖੂਹ ਪੁਟਾਏ। ਪੰਚਮ ਪਾਤਸ਼ਾਹ ਨੇ ਇਸ ਖੂਹ ਦੀ ਸ਼ੁਰੂਆਤ ਕਰਦੇ ਹੋਏ ਵਰ ਦਿੱਤਾ ਸੀ ਕਿ ਇਸ ਖੂਹ ਦੇ ਜਲ ਨਾਲ ਜੋ ਔਰਤ 12 ਮਹੀਨੇ ਇਸ਼ਨਾਨ ਕਰੇਗੀ, ਉਸ ਨੂੰ ਪੁੱਤਰ ਦੀ ਪ੍ਰਾਪਤੀ ਹੋਵੇਗੀ

ਉਸ ਸਮੇਂ ਤੋਂ ਇਤਿਹਾਸ ਗਵਾਹ ਹੈ ਕਿ ਹਰ ਮਹੀਨੇ ਮੱਸਿਆ ਤੋਂ ਪੰਜ ਦਿਨ ਬਾਅਦ ਛੇਹਰਟਾ ਸਾਹਿਬ ਵਿਖੇ ਪੰਚਮੀ ਦਾ ਮੇਲਾ ਲੱਗਦਾ ਹੈ। ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲਾ ਇਸ ਪਾਵਨ ਪਵਿੱਤਰ ਅਸਥਾਨ ’ਤੇ ਇਲਾਕੇ ਦੀਆਂ ਸਭਾਵਾਂ/ਸੁਸਾਇਟੀਆਂ ਤੇ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਰਾਤ ਨੂੰ ਕੌਮੀ ਦਸਤਾਰ ਬੰਦੀ ਵੀ ਕਰਵਾਈ ਜਾਂਦੀ ਹੈ, ਜਿਸ ਵਿਚ ਗੁਰਦੁਆਰਾ ਸਾਹਿਬ ਵੱਲੋਂ ਬੱਚਿਆਂ ਨੂੰ ਕੇਸਰੀ ਰੰਗ ਦੀਆਂ ਦਸਤਾਰਾਂ ਵੀ ਦਿੱਤੀਆਂ ਜਾਂਦੀਆ ਹਨ। ਮੈਨੇਜਰ ਨੇ ਦੱਸਿਆ ਕਿ ਸੰਗਤ ਦੇਸ਼-ਵਿਦੇਸ਼ ਅਤੇ ਦੂਰ-ਦੁਰਾਡੇ ਤੋਂ ਇਥੇ ਆ ਕੇ ਪੰਚਮੀ ਮੌਕੇ ਸਰੋਵਰ ਵਿਚ ਇਸ਼ਨਾਨ ਕਰ ਕੇ ਦੀਵਾਨ ’ਚ ਰਾਗੀਆਂ, ਢਾਡੀਆਂ, ਕਵੀਸ਼ਰਾਂ ਤੋਂ ਇਤਿਹਾਸ ਸਰਵਣ ਕਰਦੀ ਹੈ। ਬਸੰਤ ਰੁੱਤ ਵਿਚ ਮਨਾਈ ਜਾਣ ਵਾਲੀ ਪੰਚਮੀ ’ਬਸੰਤ ਪੰਚਮੀ’ ਦੇ ਨਾਂ ਨਾਲ ਪ ?ਸਿੱਧ ਹੈ। ਇਸ ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਪਾ.ਪੰਜਵੀ ਤੇ ਪਾ. ਛੇਵੀਂ ਦੇ ਪਵਿੱਤਰ ਅਸਥਾਨ ’ਤੇ ਹਰ ਸਾਲ ਬਸੰਤ ਪੰਚਮੀ ਦਾ ਦਿਹਾੜਾ ਬੜੀ ਸ਼ਰਧਾ ਤੇ ਪ੍ਰੇਮ ਨਾਲ ਮਨਾਇਆ ਜਾਂਦਾ ਹੈ।

# ਜੀਨ ਐਡਿਟਿੰਗ- ਭੋਜਨ ਸੁਰੱਖਿਆ ਹਾਸਲ ਕਰਨ ਲਈ ਅਤੇ ਖੇਤੀਬਾੜੀ ਨੂੰ ਜਲਵਾਯੂ ਦੇ ਅਨੁਕੂਲ ਬਣਾਉਣ ਲਈ ਇੱਕ ਸਾਧਨ

## ਡਾ. ਰਤਨਾ ਕੁਮਰੀਆ, ਡਾਇਰੈਕਟਰ- ਐਗਰੀ ਬਾਇਓਟੈਕ, ਅਲਾਇੰਸ ਫਾਰ ਐਗਰੀ ਇਨੋਵੇਸ਼ਨ- ਫੈਡਰੇਸ਼ਨ ਆਫ ਸੀਡ ਇੰਡਸਟਰੀ ਆਫ ਇੰਡੀਆ ਦਾ ਇੱਕ ਵਿਸ਼ੇਸ਼ ਹਿੱਤ ਸਮੂਹ

**ਚੰਡੀਗੜ੍ਹ/ਵਿਨੋਦ ਸ਼ਰਮਾ**

ਜੀਨ ਐਡਟਿੰਗਤਕਨੀਕ ਨਾਵਲ ਬਾਇਓਟੈਕਨਾਲੌਜੀ ਐਪਲੀਕੇਸ਼ਨ ਵਜੋਂ ਦੁਨੀਆ ਭਰ ਵਿੱਚ ਸੁਰਖੀਆਂ ਬਟੋਰ ਰਹੀ ਹੈ ਜਿਸ ਨੇ ਵਿਗਿਆਨੀਆਂ, ਖੋਜਕਰਤਾਵਾਂ ਅਤੇ ਖੇਤੀਬਾੜੀ ਮਾਹਰਾਂ ਨੂੰ ਬੂਟਿਆਂ ਦੇ ਪ੍ਰਜਨਨ ਖੇਤਰ ਵਿੱਚ ਕ੍ਰਾਂਤੀ ਲਿਆਉਣ ਅਤੇ ਖੇਤੀਬਾੜੀ ਅਤੇ ਭੋਜਨ ਪ੍ਰਣਾਲੀਆਂ ਨੂੰ ਬਦਲਣ ਦੀ ਆਸ ਅਤੇ ਭਰੋਸਾ ਦਿੱਤਾ ਹੈ। ਇਸ ਨੇ ਇੱਕ ਵੱਖ ਸਪੀਸੀਜ਼ ਤੋਂ ਕੋਈ ਵੀ ਬਾਹਰੀ DNA ਸ਼ਾਮਲ ਕੀਤੇ ਬਿਨਾਂ ਲੋੜੀਂਦੀਆਂ ਵਿਸ਼ੇਸ਼ਤਾਵਾਂ ਵਿੱਚ ਵਾਧਾ ਕਰਨ ਜਾਂ ਫਸਲਾਂ ਵਿੱਚੋਂ ਅਣਚਾਹੀਆਂ ਵਿਸ਼ੇਸ਼ਤਾਵਾਂ ਨੂੰ ਹਟਾਉਣ ਦਾ ਰਾਹ ਪੱਧਰਾ ਕੀਤਾ ਹੈ। ਜੀਨ ਐਡਟਿੰਗ, DNA ਵਿੱਚ ਸਟੀਕ ਕਟੌਤੀ ਕਰਕੇ ਜੀਨੋਮ ਨੂੰ ਸੋਧਣ ਦਿੰਦਾ ਹੈ, ਇਸ ਤੋਂ ਬਾਅਦ ਕੁਦਰਤੀ ਮੁਰੰਮਤ ਪ੍ਰਕਿਰਿਆਵਾਂ ਹੁੰਦੀਆਂ ਹਨ ਜਿਹੜੀਆਂ ਕੁਝ DNA ਅਧਾਰਾਂ ਨੂੰ ਹਟਾਉਣ ਜਾਂ ਜੋੜਨ ਵੱਲ ਲੈ ਜਾਂਦੀਆਂ ਹਨ। ਕਿਉਂਕਿ ਸੋਧ ਕੁਦਰਤੀ ਬਦਲਾਅ ਦੇ ਸਮਾਨ ਹੁੰਦਾ ਹੈ, ਐਡਟਿੰਗਬੂਟਿਆਂ ਨੂੰ ਟਰਾਂਸਜੇਨਿਕ ਫਸਲਾਂ ਲਈ ਲੋੜੀਂਦੇ ਸੰਪੂਰਨ ਸੁਰੱਖਿਆ ਮੁਲਾਂਕਣ ਦੀ ਜਰੂਰਤ ਨਹੀਂ ਪੈਂਦੀ ਹੈ।

ਵੱਖ-ਵੱਖ ਰੋਗਾਂ ਅਤੇ ਪ੍ਰਤੀਕੂਲ ਮੌਸਮ ਦੇ ਪੈਟਰਨ ਵਿਸ਼ਵ-ਵਿਆਪੀ ਸਿਹਤ, ਭੋਜਨ ਅਤੇ ਪੋਸ਼ਣ ਸੁਰੱਖਿਆ ਨੂੰ ਜੋਖਮ ਵਿੱਚ ਪਾਉਂਦੇ ਹਨ। ਜਲਵਾਯੂ ਪਰਿਵਰਤਨ ਦੇ ਕਾਰਕੇ ਬਾਇਓਟਿਕ ਅਤੇ ਅਬਾਇਓਟਿਕ ਤਣਾਅ ਦੀ ਵਧਦੀ ਤੀਬਰਤਾ ਅਤੇ ਬਾਰੰਬਾਰਤਾ ਨੇ ਖੇਤੀਬਾੜੀ ਸੈਕਟਰ 'ਚ ਤਬਾਹੀ ਮਚਾਈ ਹੋਈ ਹੈ। ਉਹ ਫਸਲਾਂ ਦੇ ਘਾਟੇ ਦੇ ਨਾਲ-ਨਾਲ ਉੱਚਤਮ ਮਿਆਰ ਦੀ ਪੌਸ਼ਟਿਕ ਮੁੱਲ ਵਾਲੀ ਫਸਲਾਂ ਦਾ ਉਤਪਾਦਨ ਕਰ ਰਹੇ ਹਨ। ਖੇਤੀਬਾੜੀ ਦਾ ਸੰਕਟ ਅਤੇ ਕੁਪੋਸ਼ਣ ਦਾ ਭਾਰ ਵਿਅਕਤੀਆਂ, ਰਾਸ਼ਟਰਾਂ ਅਤੇ ਸਮੁੱਚੇ ਵਿਸ਼ਵ ਲਈ ਆਰਥਿਕ, ਸਮਾਜਕ ਅਤੇ ਵਿਕਾਸ ਦਾ ਗੰਭੀਰ ਨਤੀਜਾ ਹੋ ਸਕਦਾ ਹੈ। ਇਸ ਤਰ੍ਹਾਂ,



ਜੀਨ-ਐਡਟਿੰਗ ਸਾਧਨ ਬਿਹਤਰ ਅਤੇ ਨਿਸ਼ਚਿਤ ਭਵਿੱਖ ਲਈ ਇੱਕ ਭਰੋਸੇਮੰਦ ਅਤੇ ਟਿਕਾਊ ਮਾਰਗ ਜਾਪਦਾ ਹਨ। ਦੁਨੀਆ ਭਰ ਦੇ ਵਿਗਿਆਨੀਆਂ ਦੁਆਰਾ ਇਸ ਤਕਨੀਕ ਦੀ ਵਰਤੋਂ ਖੇਤੀਬਾੜੀ ਦੇ ਖੇਤਰ ਵਿੱਚ ਉਤਸ਼ਾਹਜਨਕ ਅਤੇ ਸ਼ਾਨਦਾਰ ਨਤੀਜਿਆਂ ਨਾਲ ਕੀਤੀ ਜਾ ਰਹੀ ਹੈ। ਗਾਬਾ ਟਮਾਟਰ ਜਾਪਾਨ ਵਿੱਚ ਵਪਾਰਕ ਬਾਜ਼ਾਰ ਵਿੱਚ ਦਾਖਲ ਹੋਣ ਵਾਲਾ ਪਹਿਲਾ ਜੀਨ-ਐਡਟਿੰਗ ਭੋਜਨ ਸੀ। ਇਹ ਮਾਨਸਿਕ ਤਣਾਅ ਅਤੇ ਬਲੱਡ ਪ੍ਰੈਸ਼ਰ ਨੂੰ ਘਟਾ ਸਕਦਾ ਹੈ। ਐਡਟਿੰਗ ਤਕਨੀਕਾਂ ਦੀ ਵਰਤੋਂ ਕਰਕੇ, ਟਮਾਟਰ ਦੀ ਇੱਕ ਹੋਰ ਕਿਸਮ ਨੂੰ ਵਿਟਾਮਿਨ 4 ਨਾਲ ਭਰਪੂਰ ਬਣਾਇਆ ਗਿਆ ਸੀ। ਇਹ ਉਨ੍ਹਾਂ ਅਰਬਾਂ ਲੋਕਾਂ ਲਈ ਇੱਕ ਦਾਤ ਵਜੋਂ ਹੈ ਜੋ ਵਿਟਾਮਿਨ-4 ਦੀ ਘਾਟ ਕਾਰਨ ਕਮਜੋਰ ਹੱਡੀਆਂ, ਕੈਂਸਰ ਅਤੇ ਕਮਜ਼ੋਰ ਇਮਿਊਨ ਫੰਕਸ਼ਨ ਤੋਂ ਪੀੜਤ ਹਨ। ਇਸੇ ਤਰ੍ਹਾਂ, ਬੀਟਾ-ਕੈਰੋਟੀਨ ਦੇ ਉੱਚ ਪੱਧਰਾਂ ਦੇ ਨਾਲ, ਵਿਟਾਮਿਨ-1 ਨਾਲ ਭਰਪੂਰ ਚੌਲਾਂ ਨੂੰ ਐਡਟਿੰਗ ਦੀ ਵਰਤੋਂ ਕਰਕੇ ਵਿਕਸਤ ਕੀਤਾ ਗਿਆ ਹੈ। ਇਸ ਵੇਲੇ ਸਾਡੀ ਖੇਤੀ ਪ੍ਰਣਾਲੀ ਸਰੋਤਾਂ ਦੀ ਘਾਟ, ਕੀੜਿਆਂ, ਰੋਗਾਂ, ਵਾਢੀ ਤੋਂ ਬਾਅਦ ਦੀਆਂ ਚੁਣੌਤੀਆਂ ਅਤੇ ਅਣ-ਅਨੁਮਾਨਤ ਮੌਸਮ ਕਰਕੇ ਬਹੁਤ ਤਣਾਅ ਵਿੱਚ ਹੈ। ਜਲਵਾਯੂ ਪਰਿਵਰਤਨ ਦੇ ਨਾਲ, ਇਹਨਾਂ ਮੁੱਦਿਆਂ ਦੇ ਤੀਬਰ ਹੋਣ ਦੀ ਆਸ ਹੈ, ਅਤੇ ਇਹ ਭੋਜਨ ਸੁਰੱਖਿਆ ਅਤੇ ਪੇਂਡੂ ਜੀਵਨ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਜੀਨ ਐਡਟਿੰਗ ਵਰਗੀਆਂ ਤਕਨੀਕਾਂ ਜਲਵਾਯੂ ਪਰਿਵਰਤਨ ਦੇ ਹਾਨੀਕਾਰਕ ਪ੍ਰਭਾਵਾਂ ਦਾ ਮੁਕਾਬਲਾ ਕਰ ਸਕਦੀਆਂ ਹਨ ਅਤੇ ਫਸਲਾਂ ਨੂੰ ਵੱਖੋ-ਵੱਖਰੇ ਕੀੜਿਆਂ ਅਤੇ ਰੋਗਾਂ, ਉੱਚ ਖਾਰੇਪਣ, ਹੜ੍ਹਾਂ, ਸੋਕੇ ਅਤੇ ਅਣ-ਅਨੁਮਾਨਤ ਮੌਸਮ ਦੇ ਪੈਟਰਨਾਂ ਤੋਂ ਬਚਾ ਸਕਦੀਆਂ ਹਨ। ਐਡਟਿੰਗ ਉਪਰੋਕਤ ਮੁੱਦਿਆਂ ਨੂੰ ਘੱਟ ਕਰਨ ਲਈ, ਜਿੱਥੇ ਪ੍ਰਜਨਨ ਦੇ ਰਵਾਇਤੀ ਢੰਗ ਸਮੇਂ ਸਿਰ ਹੱਲ ਪ੍ਰਦਾਨ ਨਹੀਂ ਕਰ ਸਕਦੇ ਉੱਥੇ ਸੁਧਰੀਆਂ ਫਸਲਾਂ ਦੇ ਪ੍ਰਜਨਨ ਨੂੰ ਤੇਜ਼ ਕਰੇਗੀ। ਇਸ ਤਰ੍ਹਾਂ, ਸਾਨੂੰ ਕਿਸਾਨਾਂ ਦੀ ਖੁਸ਼ਹਾਲੀ ਅਤੇ ਖਪਤਕਾਰਾਂ ਦੀ ਸਿਹਤ ਨੂੰ ਯਕੀਨੀ ਬਣਾਉਣ ਲਈ ਜੀਨ ਐਡਟਿੰਗ ਵਰਗੀਆਂ ਨਵੀਆਂ ਤਕਨੀਕਾਂ ਦੀ ਵਿਆਪਕ ਵਰਤੋਂ ਦੀ ਲੋੜ ਹੈ।

# ਧਾਰਮਿਕ ਪ੍ਰੀਖਿਆ ਵਿੱਚੋਂ ਬਾਬਾ ਸ੍ਰੀ ਚੰਦ ਖਾਲਸਾ ਕਾਲਜ ਫ਼ਾਰ ਵੂਮੈਨ ਗਾਹਲੜੀ ਦੀਆਂ 28 ਵਿਦਿਆਰਥਣਾਂ ਨੇ ਵਜ਼ੀਫ਼ੇ ਪ੍ਰਾਪਤ ਕੀਤੇ



**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਵੋਕੇਟ ਸ੍ਰ ਹਰਜਿੰਦਰ ਸਿੰਘ ਧਾਮੀ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਹਰ ਸਾਲ ਕਰਵਾਈ ਜਾਂਦੀ ਧਾਰਮਿਕ ਪ੍ਰੀਖਿਆ ਵਿੱਚੋਂ ਬਾਬਾ ਸ੍ਰੀ ਚੰਦ ਖਾਲਸਾ ਕਾਲਜ ਫ਼ਾਰ ਵੂਮੈਨ ਗਾਹਲੜੀ ਦੀਆਂ 28 ਵਿਦਿਆਰਥਣਾਂ ਨੇ ਵਜ਼ੀਫ਼ੇ ਪ੍ਰਾਪਤ ਕੀਤੇ । ਜਿਸ ਦੀ ਰਕਮ 86800 ਰੁਪਏ ਬਣਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਆਏ ਭਾਈ ਹਰਭਿੰਦਰ ਸਿੰਘ ਇੰਚਾਰਜ ਸਿੱਖ ਮਿਸ਼ਨ ਜੰਮੂ ਕਸ਼ਮੀਰ, ਭਾਈ ਬਲਬੀਰ ਸਿੰਘ ਪ੍ਰਚਾਰਕ, ਭਾਈ ਲਖਬੀਰ ਸਿੰਘ ਪ੍ਰਚਾਰਕ, ਭਾਈ ਗੁਰਨਾਮ ਸਿੰਘ ਪ੍ਰਚਾਰਕ, ਭਾਈ ਮੋਹਨ ਸਿੰਘ ਪ੍ਰਚਾਰਕ ਅਤੇ ਗੁਰਦੁਆਰਾ ਟਾਹਲੀ ਸਾਹਿਬ ਦੇ ਮੈਨੇਜਰ ਭਾਈ ਹਰਜੀਤ ਸਿੰਘ ਜੀ , ਬਾਬਾ ਸ੍ਰੀ ਚੰਦ ਚੈਰੀਟੇਬਲ ਹਸਪਤਾਲ ਦੇ ਡਾਕਟਰ ਅਮਰਪ੍ਰੀਤ ਵੱਲੋਂ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਗਏ। ਭਾਈ ਹਰਭਿੰਦਰ ਸਿੰਘ ਇੰਚਾਰਜ ਸਿੱਖ ਮਿਸ਼ਨ ਜੰਮੂ ਕਸ਼ਮੀਰ ਵੱਲੋਂ ਬੱਚਿਆਂ ਨੂੰ ਧਰਮ ਨਾਲ ਜੁੜਨ ਬਾਰੇ ਵਿਚਾਰ ਕੀਤੇ। ਕਾਲਜ ਕੋਆਰਡੀਨੇਟਰ ਮੈਡਮ ਹਰਦੀਪ ਕੌਰ ਜੀ ਵੱਲੋਂ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਵਧੀਆ ਉਪਰਾਲਾ ਕਰ ਰਹੀ ਹੈ, ਅਤੇ ਵਜ਼ੀਫ਼ੇ ਦੇਣ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ।ਇਸ ਸਮੇਂ ਸਕੂਲ ਪ੍ਰਿੰਸੀਪਲ ਸਿਮਰਨਜੀਤ ਕੌਰ ਅਤੇ ਕਾਲਜ ਸਕੂਲ ਦਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਐਸ ਐਮ ਓ ਡਾ ਗੋਤਮ ਵੱਲੋਂ ਆਮ ਆਦਮੀ ਕਲੀਨਿਕ ਦੋਰਾਂਗਲਾ ਦਾ ਉਦਘਾਟਨ ਕੀਤਾ



**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾ ਤਹਿਤ ਐਸ ਐਮ ਓ ਡਾ ਗੋਤਮ ਵੱਲੋਂ ਸਮੂਹ ਮੈਡੀਕਲ ਅਫਸਰਾਂ ਦੇ ਸਹਿਯੋਗ ਨਾਲ ਅੱਜ ਆਮ ਆਦਮੀ ਕਲੀਨਿਕ ਦੋਰਾਂਗਲਾ ਦਾ ਉਦਘਾਟਨ ਕੀਤਾ ਗਿਆ । ਇਸ ਸਮੇਂ ਐਸ ਐਮ ਓ ਡਾ ਗੋਤਮ ਵੱਲੋਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਲੋਕ ਪੱਖੀ ਸੋਚ ਸਦਕਾ ਪੰਜਾਬ ਵਿੱਚ 500 ਆਮ ਆਦਮੀ ਕਲੀਨਿਕ ਖੋਲੇ ਗਏ ।ਆਮ ਆਦਮੀ ਕਲੀਨਿਕ ਵਿੱਚ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਇੱਕ ਮੈਡੀਕਲ ਅਫਸਰ ਇੱਕ ਫਾਰਮੇਸੀ ਅਫਸਰ ,ਇੱਕ ਲੈਬ ਟੈਕਨੀਸਨਰ,ਅਤੇ ਇੱਕ ਮੈਡੀਸਨ ਸਹਾਇਕ ਨਿਯੁਕਤ ਕੀਤਾ ਗਿਆ ਹੈ । ਇਸ ਤੋਂ ਇਲਾਵਾ 90 ਕਿਸਮ ਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ ਹਨ ,50 ਤੋਂ ਜਿਆਦਾ ਕਿਸਮ ਦੇ ਖੂਨ ਦੇ ਟੈਸਟ ਕਰਨ ਦਾ ਪ੍ਰਬੰਧ ,ਮਰੀਜ਼ਾਂ ਲਈ ਗਰਮੀਆਂ ਚ ਏ ਸੀ ਦਾ ਪ੍ਰਬੰਧ , ਓਨ ਲਾਈਨ ਪਰਚੀ ਦਾ ਪ੍ਰਬੰਧ ਅਤੇ ਟੋਕਨ ਸਿਸਟਮ ਰਾਹੀ ਮਰੀਜ਼ ਨੂੰ ਵੇਖਣ ਆਦਿ ਦਾ ਖਾਸ ਪ੍ਰਬੰਧ ਕੀਤਾ ਗਿਆ । ਡਾ ਗੋਤਮ ਵੱਲੋਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੋ ਸਿਹਤ ਸਹੂਲਤਾਂ ਆਮ ਲੋਕਾਂ ਲਈ ਮੁਹੱਈਆ ਕਰਵਾਇਆ ਜਾ ਰਹੀਆਂ ਹਨ ,ਉਹਨਾਂ ਸਹੂਲਤਾਂ ਨੂੰ ਲੋੜਵੰਦ ਲੋਕਾਂ ਤੱਕ ਪਹਿਲ ਦੇ ਅਧਾਰ ਤੇ ਪਹੁਚਾਇਆ ਜਾਵੇਗਾ । ਇਸ ਸਮੇਂ ਹਰਪ੍ਰੀਤ ,ਡਾ ਨੇਚਰਪ੍ਰੀਤ,ਐਲ ਟੀ ਨਿਰਮਲਜੀਤ,ਐਲ ਟੀ ਹਰਭਜਨਵਫਾਰਮੇਸੀ ਅਫਸਰ ਸੰਜੀਵ,ਵਾਰਡ ਅਟੈਂਡਸ ਨੀਰਜ ਕੁਮਾਰ,ਸੀ ਐਚ ਓ ਆਰਤੀ ,ਸੀ ਐਚ ਓ ਗੁਰਮਿੰਦਰ,ਸੀ ਐਚ ਓ ਜੋਤੀ,ਹੈਲਥ ਵਰਕਰ ਸਤਨਾਮ ਸਿੰਘ,ਰੇਡੀਓਗ੍ਰਾਫਰ ਅਮਨ, ਕੰਪਿਊਟਰ ਉਪਰੇਟਰ ਲਖਵਿੰਦਰ,ਸਤਿੰਦਰ , ਆਸਾ ਵਰਕਰ ਰਾਨੀ ਆਦਿ ਹਾਜ਼ਰ ਸਨ ।

# ਨਿਊ ਫਲਾਵਰ ਸਕੂਲ ਦੇ ਪ੍ਰਿੰਸੀਪਲ ਕੁਲਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ 26 ਜਨਵਰੀ ਦੇ ਦਿਨ ਦੀ ਇਤਿਹਾਸਕ ਮਹੱਤਤਾ ਬਾਰੇ ਦੱਸਿਆ

**ਅੰਮ੍ਰਿਤਸਰ/ਰਵੀ ਸਹਿਗਲ**

ਨਿਊ ਫਲਾਵਰ ਸਕੂਲ ਦੇ ਪ੍ਰਿੰਸੀਪਲ ਕੁਲਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ 26 ਜਨਵਰੀ ਦੇ ਇਤਿਹਾਸਕ ਦਿਨ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ 26 ਜਨਵਰੀ ਦਾ ਇਤਿਹਾਸਕ ਸਮਾਰੋਹਾ ਵਿਚ ਵਿਸ਼ੇਸ਼ ਮਹੱਤਵ ਹੈ। ਸੁਤੰਤਰਤਾ ਦੇ ਬਾਅਦ 26 ਜਨਵਰੀ 1950 ਨੂੰ ਭਾਰਤ ਇਕ ਗਣਤੰਤਰਵਾਦੀ ਦੇਸ਼ ਬਣ ਗਿਆ ਸੀ। ਭਾਰਤ ਦੀ ਸਾਰੀ ਸੱਤਾ ਦੇਸ਼ਵਾਸੀਆਂ ਦੇ ਹੱਥ ਵਿਚ ਦੇ ਦਿੱਤੀ ਗਈ ਸੀ। ਸਾਰੀ ਜਨਤਾ ਇਸ ਸ਼ਕਤੀ ਨੂੰ ਪ੍ਰਾਪਤ ਕਰਕੇ ਦੇਸ਼ ਦੀ ਅਸਲੀ ਸ਼ਾਸਕ ਬਣ ਗਈ। ਲੋਕਾਂ ਦੁਆਰਾ ਚੁਣੇ ਹੋਏ ਮੰਤਰੀ ਇਸ ਦੇਸ਼ ਦੀ ਕਿਸ਼ਤੀ ਦੇ ਮਲਾਹ ਬਣ ਗਏ। ਗਵਰਨਰ ਜਨਰਲ ਦੀ ਥਾਂ ਰਾਸ਼ਟਰਪਤੀ ਦੇਸ਼ ਦਾ ਮੁੱਖ ਨੇਤਾ ਚੁਣਿਆ ਗਿਆ। ਦੇਸ਼ ਭਰ ਦੇ ਲੋਕਾਂ ਦਾ ਵਿਸ਼ਵਾਸ-ਪਾਤਰ ਰਾਸ਼ਟਰੀ ਜਨਸਧਾਰਣ ਦਾ ਅਸਲੀ ਪ੍ਰਤੀਨਿਧੀ ਬਣ ਗਿਆ। 26 ਜਨਵਰੀ ਦਾ ਦਿਨ ਹਰ ਸਾਲ ਸਾਨੂੰ ਆਪਣੇ ਕਰੱਤਵ ਦੀ ਯਾਦ ਦਿਵਾਉਣ ਆਉਂਦਾ ਹੈ। ਭਾਰਤ ਵਾਸੀ ਇਸ ਦਿਨ ਖੁਸ਼ੀ ਨਾਲ ਨੱਚ ਉਠਦੇ ਹਨ। ਇਸ ਮਹਾਨ ਰਾਸ਼ਟਰੀ ਤਿਉਹਾਰ ਨੂੰ ਬੜੇ ਸਮਾਰੋਹ ਨਾਲ ਮਨਾਇਆ ਜਾਂਦਾ ਹੈ।ਇਸ ਮਹਾਨ ਰਾਸ਼ਟਰੀ ਤਿਉਹਾਰ ਦੇ ਪਿੱਛੇ ਸਾਡਾ ਮਹਾਨ ਸੁਤੰਤਰਤਾ ਸੰਗ੍ਰਾਮ ਦਾ ਇਤਿਹਾਸ ਹੈ। ਭਾਰਤ ਨੂੰ ਸੁਤੰਤਰ ਕਰਾਉਣ ਲਈ ਦੇਸ਼ ਵਾਸੀਆ ਨੇ ਕਿਹੜਾ ਬਲੀਦਾਨ ਨਹੀਂ ਦਿੱਤਾ। ਕਿੰਨੀਆਂ ਨੇ ਫਾਂਸੀਆਂ ਤੇ ਤਖ਼ਤੇ ਚੁੰਮੇ, ਕਿੰਨਿਆਂ ਨੇ ਜੇਲ੍ਹ ਵਿਚ ਬੰਦ ਰਹਿ ਕੇ ਦੁੱਖ ਭੋਗੇ। ਕਿੰਨੀਆਂ ਨੇ ਗੋਲੀਆਂ ਅਤੇ ਲਾਠੀਆਂ ਦੀ ਮਾਰ ਸਹੀ। ਇਹ ਸਾਰੀ ਕਹਾਣੀ 26 ਜਨਵਰੀ ਨਾਲ ਜੁੜ ਕੇ ਇਕ ਸੁੰਦਰ ਅਧਿਆਇ ਬਣ ਗਈ ਹੈ। ਇਹਨਾਂ ਨੇਤਾਵਾਂ ਦੀਆਂ ਅਨਥੱਕ ਕੋਸ਼ਿਸ਼ਾਂ ਨਾਲ ਦੇਸ਼ ਆਜ਼ਾਦ ਹੋਇਆ।26 ਜਨਵਰੀ, 1930 ਨੂੰ ਹੀ ਦੇਸ਼ ਦੇ ਪਿਆਰੇ ਨੇਤਾ ਸ੍ਰੀ ਜਵਾਹਰ ਲਾਲ ਨੇ ਰਾਵੀ ਦੇ ਕਿਨਾਰੇ ਕੌਮੀ ਝੰਡਾ ਲਹਿਰਾਉਂਦੇ ਹੋਏ ਘੋਸ਼ਣਾ ਕੀਤੀ ਸੀ ਕਿ ਅਸੀਂ ਪੂਰਨ ਸਵਾਰਾਜ ਦੀ ਮੰਗ ਕਰਦੇ ਹਾਂ। ਇਸ ਮੰਗ ਦੀ ਪੂਰਤੀ ਲਈ ਸਾਨੂੰ ਲਗਾਤਾਰ ਸਤਾਰਾਂ ਵਰ੍ਹੇ ਟਿਸ਼ ਸਰਕਾਰ ਨਾਲ ਲੜਨਾ ਪਿਆ। ਹਰ ਸਾਲ 26 ਜਨਵਰੀ ਆਉਂਦੀ, ਦੇਸ਼ ਭਗਤ, ਪੁਲਿਸ ਦੀਆਂ ਗੋਲੀਆਂ ਅਤੇ ਲਾਠੀਆਂ ਦੇ ਵਿਚਕਾਰ ਕੌਮੀ ਝੰਡਾ ਲਹਿਰਾ ਕੇ ਆਪਣੀ ਪ੍ਰਤਿਗਿਆ ਦੁਹਰਾਉਂਦੇ। ਸਰਕਾਰ ਦੀ ਕੁਟਿ ਨੀਤੀ ਵੀ ਉਹਨਾਂ ਦੇ ਇਰਾਦਿਆਂ ਨੂੰ ਬਦਲ ਨਾ ਸਕੀ। 15 ਅਗਸਤ 1947 ਨੂੰ ਉਹਨਾਂ ਨੂੰ ਹਾਰ ਮੰਨ ਕੇ ਭਾਰਤ ਛੱਡਣਾ ਪਿਆ। ਦੇਸ਼ ਆਜ਼ਾਦ ਹੋ ਗਿਆ ਅਤੇ ਲਾਲ ਕਿਲ੍ਹੇ ਤੇ ਕੌਮੀ ਝੰਡਾ ਲਹਿਰਾਇਆ।15 ਅਗਸਤ 1947 ਨੂੰ ਸੁਤੰਤਰਤਾ ਤਾਂ ਮਿਲ ਗਈ ਲੇਕਿਨ ਸਾਡਾ ਉਦੇਸ਼ ਅਜੇ ਪੂਰਾ ਨਹੀਂ ਹੋਇਆ ਸੀ। ਦੇਸ਼ ਦਾ ਸ਼ਾਸਨ ਚਲਾਉਣ ਦੇ ਲਈ ਆਪਣਾ ਕੋਈ ਵਿਧਾਨ ਨਹੀਂ ਸੀ। ਇਸ ਕੰਮ ਦੇ ਲਈ ਇਕ ਵਿਧਾਨ ਸੰਮਿਤੀ ਬਣਾਈ ਗਈ।ਉਸਨੇ ਸਖ਼ਤ ਮਿਹਨਤ ਨਾਲ ਭਾਰਤ ਦਾ ਨਵਾਂ ਸੰਵਿਧਾਨ ਬਣਾਇਆ। ਇਹ ਸੰਵਿਧਾਨ 26 ਜਨਵਰੀ 1950 ਨੂੰ ਦੇਸ਼ ਵਿਚ ਲਾਗੂ ਕਰ ਕੇ ਡਾਕਟਰ ਰਾਜਿੰਦਰ ਪ੍ਰਸ਼ਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਣੇ। ਉਸ ਦਿਨ ਦੇਸ਼ ਵਿਚ ਹਰ ਥਾਂ ਭਾਰੀ ਸਮਾਰੋਹ ਹੋਏ ਅਤੇ ਲੋਕਾਂ ਨੇ ਧੂਮਧਾਮ ਨਾਲ ਇਸ ਦਿਨ ਨੂੰ ਮਨਾਇਆ।ਦਿੱਲੀ ਵਿਚ ਇਹ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਰਾਸ਼ਟਰਪਤੀ ਜਲ, ਥਲ ਅਤੇ ਹਵਾਈ ਤਿੰਨਾਂ ਸੈਨਾਵਾਂ ਤੋਂ ਸਲਾਮੀ ਲੈਂਦੇ ਹਨ। ਇਸ ਸਮਾਰੋਹ ਵਿਚ ਤਿੰਨਾਂ ਸੈਨਾਵਾਂ ਦੀ ਪਰੇਡ ਦੇ ਇਲਾਵਾ ਸੰਸਕ੍ਰਿਤੀ ਦੇ ਪ੍ਰੋਗਰਾਮ ਵੀ ਹੁੰਦੇ ਹਨ। ਇਸ ਸਮਾਰੋਹ ਵਿਚ ਖਾਸ ਵਿਅਕਤੀਆਂ ਨੂੰ ਪਦਵੀਆਂ ਅਤੇ ਸੰਵਾਦਕ ਦਿੱਤੇ ਜਾਂਦੇ ਹਨ। ਲੱਖਾਂ ਲੋਕ ਸੈਨਾਂ ਦੀ ਪ੍ਰੋਡ ਅਤੇ ਵਿਅਕਤੀਆਂ ਨੂੰ ਪਦਵੀਆਂ ਅਤੇ ਸੇਵਾਦਕ ਦਿੱਤੇ ਜਾਂਦੇ ਹਨ। ਲੱਖਾਂ ਲੋਕ ਸੈਨਾਂ ਦੀ ਪਰੇਡ ਅਤੇ ਇਹਨਾਂ ਸੰਸਕ੍ਰਿਤੀ ਦੇ ਪ੍ਰੋਗਰਾਮਾਂ ਨੂੰ ਦੇਖਣ ਆਉਂਦੇ ਹਨ। ਇਸ ਤਿਉਹਾਰ ਦੇ ਅੰਤ ਵਿਚ ਝਾਕੀਆਂ ਹੁੰਦੀਆਂ ਹਨ ਜੋ ਦੇਸ਼ ਦੀ ਉੱਨਤੀ ਦਾ ਵਾਸਤਵਿਕ ਚਿੱਤਰ ਪੇਸ਼ ਕਰਦੀਆਂ ਹਨ। ਰਾਤ ਨੂੰ ਭਵਨਾਂ ਤੇ ਰੌਸ਼ਨੀ ਕੀਤੀ ਜਾਂਦੀ ਹੈ ਅਤੇ ਆਤਿਸ਼ਬਾਜ਼ੀ ਛੱਡੀ ਜਾਂਦੀ ਹੈ। ਦੇਸ਼ ਦੇ ਹਰ ਛੋਟੇ ਵੱਡੇ ਸ਼ਹਿਰ ਵਿਚ ਇਸ ਦਿਨ ਕੌਮੀ ਝੰਡੇ ਲਹਿਰਾਏ ਜਾਂਦੇ ਹਨ, ਸੈਨਿਕਾਂ ਦੀ ਪਰੇਡ ਹੁੰਦੀ ਹੈ ਅਤੇ ਭਾਰਤ ਦੀ ਏਕਤਾ ਨੂੰ ਸੁਰਖਿਅਤ ਬਣਾਈ ਰੱਖਣ ਦੀ ਪ੍ਰਤਿਗਿਆ ਦੁਹਰਾਈ ਜਾਂਦੀ ਹੈ। ਲੋਕ ਅਨੇਕਾਂ ਸਮਾਰੋਹਾਂ ਵਿਚ ਭਾਗ ਲੈਂਦੇ ਹਨ ਅਤੇ ਇਸ ਕੌਮੀ ਦਿਵਸ ਨੂੰ । ਧੂਮਧਾਮ ਨਾਲ ਮਨਾਉਂਦੇ ਹਨ।ਦੇਸ਼ ਵਿਚ ਕਰੋੜਾਂ ਲੋਕ ਜਿਨ੍ਹਾਂ ਵਿਚ ਹਿੰਦੂ, ਸਿੱਖ, ਮੁਸਲਮਾਨ, ਈਸਾਈ, ਜੈਨੀ, ਬੋਧੀ, ਪਾਰਸੀ ਆਦਿ ਸ਼ਾਮਲ ਹਨ, ਇਸ ਤਿਉਹਾਰ ਨੂੰ ਇਕੱਠੇ ਮਿਲ ਕੇ ਮਨਾਉਂਦੇ ਹਨ ਅਤੇ ਦੇਸ਼ ਵਿਚ ਧਰਮ ਨਿਰਪੱਖ ਸ਼ਾਸਨ ਦੀ ਪੁਸ਼ਟੀ ਕਰਦੇ ਹਨ। 26 ਜਨਵਰੀ ਸਾਨੂੰ ਇਹ ਯਾਦ ਕਰਾਉਣ ਲਈ ਆਉਂਦੀ ਹੈ ਕਿ ਭਾਰਤ ਵਿਚ ਜਨਤਾ ਦਾ ਆਪਣਾ ਰਾਜ ਹੈ। ਇਸ ਸਮੇਂ ਅਨੇਕਾਂ ਸਮੱਸਿਆਵਾਂ ਦੇਸ਼ ਦੇ ਸਾਹਮਣੇ ਹਨ। ਇਹਨਾਂ ਤੋਂ ਨਿਪਟਣ ਦੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਫੁੱਟ, ਦੰਗੇ, ਊਚ-ਨੀਚ ਨੂੰ ਜੜ੍ਹ ਤੋਂ ਉਖਾੜ ਦੇਈਏ ਤਾਂ ਹੀ ਇਸ ਤਿਉਹਾਰ ਨੂੰ ਮਨਾਉਣਾ ਸਾਰਥਕ ਹੋ ਸਕੇਗਾ



# ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਲੁਧਿਆਣਾ ਦੇ ਵਿਕਾਸ ਕਾਰਜਾਂ 'ਤੇ ਲਗਭਗ 29 .08 ਕਰੋੜ ਰੁਪਏ ਖਰਚ ਕਰਨ ਦਾ ਕੀਤਾ ਫੈਸਲਾ: ਡਾ . ਇੰਦਰਬੀਰ ਨਿੱਜਰ

- ਮਾਨ ਸਰਕਾਰ ਦਾ ਮੁੱਖ ਉਦੇਸ਼ ਰਾਜ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ-ਸੁਥਰਾ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਪ੍ਰਦਾਨ ਕਰਨਾ ਹੈ
- ਲੁਧਿਆਣਾ ਜ਼ਿਲ੍ਹੇ ਦੀ ਵੱਡੀ ਆਬਾਦੀ ਨੂੰ ਮਿਲੇਗਾ ਇਹਨਾਂ ਵਿਕਾਸ ਕਾਰਜਾਂ ਦਾ ਲਾਭ

**ਲੁਧਿਆਣਾ/(ਸੁਖਚੈਨ ਮਹਿਰਾ ਵਰਿੰਦਰ ਪ੍ਰਕਾਸ਼ ਭਾਂਬਰੀ)**



ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਵਿਕਾਸ ਕਾਰਜਾਂ 'ਤੇ ਕਰੀਬ 29.08 ਕਰੋੜ ਰੁਪਏ ਖਰਚਣ ਦਾ ਫੈਸਲਾ ਕੀਤਾ ਗਿਆ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ਼-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਮੁਹੱਈਆ ਕਰਵਾਉਣਾ ਹੈ। ਇਸ ਦਿਸ਼ਾ ਵਿੱਚ ਕੰਮ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਵੱਖ-ਵੱਖ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਖੁਲਾਸਾ ਕੀਤਾ ਕਿ ਨਗਰ ਨਿਗਮ ਲੁਧਿਆਣਾ ਲਈ ਮਿਉਂਸਪਲ ਠੋਸ ਰਹਿੰਦ-ਖੂੰਹਦ ਦੀ ਢੋਆ-ਢੁਆਈ ਲਈ ਹੁੱਕ ਲੋਡਰਾਂ ਅਤੇ ਸੈਕੰਡਰੀ ਸਟੋਰੇਜ ਲਈ ਪੋਰਟੇਬਲ ਕੰਪੈਕਟਰਾਂ ਦੀ ਸਪਲਾਈ, ਸਥਾਪਨਾ, ਟੈਸਟਿੰਗ ਅਤੇ ਚਾਲੂ ਕਰਨ 'ਤੇ 27.67 ਕਰੋੜ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਵਿੱਚ ਸੰਚਾਲਣ ਅਤੇ ਰੱਖ-ਰੱਖਾਅ ਵੀ ਸ਼ਾਮਲ ਹੈ। ਇਸੇ ਤਰ੍ਹਾਂ ਕੋਰਟ ਕੰਪਲੈਕਸ, ਡੀ.ਸੀ ਦਫ਼ਤਰ ਅਤੇ ਸਬੰਧਤ ਖੇਤਰਾਂ ਵਿੱਚ ਨਿਗਰਾਨੀ ਦੇ ਬੁਨਿਆਦੀ ਢਾਂਚੇ ਨੂੰ ਲਾਗੂ ਕਰਨ ਲਈ 66.76 ਲੱਖ ਰੁਪਏ ਖਰਚ ਕੀਤੇ ਜਾਣਗੇ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਸੈਂਟਰਲ ਸਟੋਰ ਨਗਰ ਨਿਗਮ ਲੁਧਿਆਣਾ ਲਈ ਰੈਡੀ ਮਿਕਸ ਰੋਡ ਰਿਪੇਅਰ ਬਿਟੂਮਿਨਸ ਸਮੱਗਰੀ ਦੀ ਸਪਲਾਈ ਲਈ 74.70 ਲੱਖ ਰੁਪਏ ਖਰਚ ਕੀਤੇ ਜਾਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਲੁਧਿਆਣਾ ਦੀ ਵੱਡੀ ਆਬਾਦੀ ਨੂੰ ਇਨ੍ਹਾਂ ਵਿਕਾਸ ਕਾਰਜਾਂ ਦਾ ਲਾਭ ਮਿਲੇਗਾ। ਇਸ ਸਬੰਧੀ ਸਥਾਨਕ ਸਰਕਾਰਾਂ ਵਿਭਾਗ ਨੇ ਦਫ਼ਤਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਡਾ ਨਿੱਜ਼ਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਸੂਬੇ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੋਈ ਅਧਿਕਾਰੀ/ਕਰਮਚਾਰੀ ਭ੍ਰਿਸ਼ਟਾਚਾਰ ਕਰਦਾ ਫੜਿਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਦੀ ਗੁਣਵੱਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਦਿੱਤੇ।

# ਵਿਧਾਇਕ ਭੋਲਾ ਗਰੇਵਾਲ ਨੇ ਵੱਖ ਵੱਖ ਸਕੂਲਾਂ ਅਤੇ ਸਥਾਨਾਂ ਤੇ ਗਣਤੰਤਰ ਦਿਵਸ ਮੌਕੇ ਲਹਿਰਾਇਆ ਤਿਰੰਗਾ ਝੰਡਾ

**ਲੁਧਿਆਣਾ/ਸੁਖਚੈਨ ਮਹਿਰਾ ਵਰਿੰਦਰ ਪ੍ਰਕਾਸ਼ ਭਾਂਬਰੀ**




ਵਿਧਾਨ ਸਭਾ ਹਲਕਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਨੇ 26 ਜਨਵਰੀ ਗਣਤੰਤਰ ਦਿਵਸ ਮੌਕੇ ਵੱਖ ਵੱਖ ਸਕੂਲਾਂ ਅਤੇ ਸਥਾਨਾਂ 'ਤੇ ਗਣਤੰਤਰ ਦਿਵਸ ਮੌਕੇ ਤਿਰੰਗਾ ਝੰਡਾ ਲਹਿਰਾਇਆ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਵੱਖ ਵੱਖ ਪ੍ਰਕਾਰ ਦੀਆਂ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਤੇ ਦੇਸ਼ ਭਗਤਾਂ ਨੂੰ ਸਰਧਾਂਜਲੀ ਦਿੱਤੀ।

ਆਪਣੇ ਸੰਬੋਧਨ ਵਿੱਚ ਉਨ੍ਹਾਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਇਨ੍ਹਾਂ ਸਾਡੇ ਦੇਸ਼ ਨੂੰ ਵਿਲੱਖਣ ਪ੍ਰਕਾਰ ਦਾ ਸੰਵਿਧਾਨ ਦਿੱਤਾ ਜਿਸ ਰਾਹੀਂ ਸਾਰੇ ਨਾਗਰਿਕਾਂ ਨੂੰ ਇੱਕ ਸਮਾਨ ਅਧਿਕਾਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸੰਵਿਧਾਨ ਦੇ ਚਲਦਿਆਂ ਦੇਸ਼ ਅੱਗੇ ਵਧ ਰਿਹਾ ਹੈ। ਉਨ੍ਹਾਂ ਬੱਚਿਆਂ ਨੂੰ ਭਾਰਤੀ ਸੰਵਿਧਾਨ ਪੜ੍ਹਨ ਅਤੇ ਇਸਦਾ ਸਤਿਕਾਰ ਬਹਾਲ ਰੱਖਣ ਲਈ ਵੀ ਪ੍ਰੇਰਿਤ ਕੀਤਾ।

ਕੇਂਦਰ ਦੀ ਮੋਦੀ ਸਰਕਾਰ ਤੇ ਵਰ੍ਹਦਿਆਂ ਵਿਧਾਇਕ ਭੋਲਾ ਗਰੇਵਾਲ ਨੇ ਕਿਹਾ ਕਿ ਇਸ ਸੰਵਿਧਾਨ ਦਾ ਕੋਈ ਵੀ ਮੌਕਾ ਨਾ ਗਵਾਉਣ ਵਾਲੀ ਭਾਰਤੀ ਜਨਤਾ ਪਾਰਟੀ ਨੇ 26 ਜਨਵਰੀ ਦੀ ਗਣਤੰਤਰ ਪਰੇਡ ਚੋਂ ਪੰਜਾਬ ਦੀ ਝਾਕੀ ਹਟਾ ਕੇ ਸੰਵਿਧਾਨ ਦੀ ਮੂਲ ਭਾਵਨਾ ਨਾਲ ਖਿਲਵਾੜ ਕੀਤਾ ਹੈ। ਉਨ੍ਹਾਂ ਕਿਹਾ ਕਿ ਬੀਜੇਪੀ ਨੇ ਹਮੇਸ਼ਾ ਸੰਘੀ ਢਾਂਚੇ ਦਾ ਘਾਣ ਕਰਦਿਆਂ ਸੂਬਿਆਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ ਜਦਕਿ ਸਾਡਾ ਸੰਵਿਧਾਨ ਸੰਘੀ ਢਾਂਚੇ ਤਹਿਤ ਰਾਜਾਂ ਨੂੰ ਅੱਗੇ ਵਧਣ ਲਈ ਵੱਖਰੇ ਅਧਿਕਾਰ ਦਿੰਦਾ ਹੈ ਜਿਨ੍ਹਾਂ ਚ ਕੇਂਦਰ ਕਿਸੇ ਵੀ ਪ੍ਰਕਾਰ ਦੀ ਦਖਲ ਅੰਦਾਜੀ ਨਹੀਂ ਕਰ ਸਕਦਾ। ਇਸ ਮੌਕੇ ਐਮ ਡੀ ਵਿਜੇ ਠਾਕੁਰ, ਸੁਰਿੰਦਰ ਮਦਾਨ, ਜਸਵਿੰਦਰ ਸੰਧੂ, ਅਨੁਜ ਚੋਧਰੀ ਅਬਦੁੱਲ ਸਮਾਧ, ਵਨੀਤ ਗੋਇਲ ਅਤੇ ਹੋਰ ਹਾਜ਼ਰ ਸਨ।

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ

**ਲੁਧਿਆਣਾ/ਸੁਖਚੈਨ ਮਹਿਰਾ**

ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ, ਸਿਟੀ ਇਨਕਲੇਵ, ਦੁੱਗਰੀ ਧਾਂਦਰਾ ਰੋਡ ਵਿਖੇ ਧਾਰਮਿਕ ਸਮਾਗਮ ਮੁੱਖ ਸੇਵਾਦਾਰ ਭਗਵਿੰਦਰ ਪਾਲ ਸਿੰਘ ਗੋਲਡੀ ਦੀ ਅਗਵਾਈ ਵਿੱਚ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਜਿਸ ਵਿਚ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈਆਂ। ਇਸ ਮੌਕੇ ਭਾਈ ਵਰਿੰਦਰ ਸਿੰਘ ਕੰਗ (ਲੁਧਿਆਣਾ ਵਾਲੇ) ਤੇ

ਇਲਾਕਾ ਨਿਵਾਸੀਆਂ ਦੀਆਂ ਇਸਤਰੀ ਸਤਿਸੰਗ ਜੱਥੇ ਨੇ ਰਸਭਿੰਨਾਂ ਕੀਰਤਨ ਕਰਕੇ ਸੰਗਤਾਂ



ਨੂੰ ਗੁਰੂ ਚਰਨਾਂ ਨਾਲ ਜੋੜਿਆਂ ਅਤੇ ਬਾਬਾ ਜੀ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ ਤੇ ਚੱਲਦਿਆਂ ਆਪਣਾ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਮੁੱਖ ਸੇਵਾਦਾਰ ਭਗਵਿੰਦਰ ਪਾਲ ਸਿੰਘ ਗੋਲਡੀ ਵਲੋ ਮੁਹੱਲਾ ਨਿਵਾਸੀਆਂ ਅਤੇ ਆਈਆਂ ਪ੍ਰਮੁੱਖ ਸ਼ਖਸੀਅਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋ ਗੁਰੂ ਘਰ ਨਤਮਸਤਕ ਹੋਣ ਆਈਆਂ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਲੰਗਰ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਇਸ ਮੌਕੇ ਤੇ ਭਾਈ ਗੁਰਪ੍ਰੀਤ ਸਿੰਘ, ਬਲਬੀਰ ਸਿੰਘ ਮੱਲ,ਹਰਨੇਕ ਸਿੰਘ, ਮਨਪ੍ਰੀਤ ਸਿੰਘ,ਮਹਿੰਦਰ ਸਿੰਘ,ਅਮਰਜੀਤ ਸਿੰਘ ਸੂਰੀ, ਮੁਖਤਿਆਰ ਸਿੰਘ, ਵਿਕਰਮਜੀਤ ਸਿੰਘ ਧਾਲੀਵਾਲ, ਸੰਦੀਪ ਆਹੂਜਾ, ਖੁਸ਼ਵਿੰਦਰ ਸਿੰਘ, ਜਗਪ੍ਰੀਤ ਸਿੰਘ, ਕੁਲਦੀਪ ਸਿੰਘ, ਹਰਭਜਨ ਕੌਰ, ਹਰਭਜਨ ਕੌਰ, ਬਲਬੀਰ ਕੌਰ,ਪਰਮਜੀਤ ਕੌਰ, ਹਰਬੀਰ ਕੌਰ, ਮਨਜੀਤ ਕੌਰ, ਗੁਰਪ੍ਰੀਤ ਕੌਰ, ਸਰੋਜ ਬਾਲਾ,ਰਜਨੀ ਤੇ ਹੋਰ ਵੀ ਸ਼ਾਮਲ ਸਨ।

# ਲੁਧਿਆਣਾ ਪੁਲਿਸ ਨੂੰ ਮਿਲੀ ਵੱਡੀ ਕਾਮਯਾਬੀ ਚਾਰ ਪਿਸਟਲ,100 ਗ੍ਰਾਮ ਹੈਰੋਇਨ ਅਤੇ 7 ਲੱਖ 70 ਹਜਾਰ ਡਰੱਗ ਮਨੀ ਸਣੇ ਦੋ ਤਸਕਰ ਕੀਤੇ ਕਾਬੂ






**ਲੁਧਿਆਣਾ/ਰਾਜੂ ਵਾਲੀਆ ਸ਼ੰਮੀ ਕੁਮਾਰ**

ਲੁਧਿਆਣਾ ਸੀ ਆਈ ਏ ਟੀਮ ਨੇ ਸੂਚਨਾ ਦੇ ਆਧਾਰ ਤੇ ਸ਼ਿਮਲਾਪੁਰੀ ਵਿਚ 100 ਗ੍ਰਾਮ ਹੈਰੋਇਨ ਸਮੇਤ ਇਕ ਨਸ਼ਾ ਤਸਕਰ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਿਲ ਕੀਤੀ ਹੈ ਪੁਲਿਸ ਨੂੰ ਪੁੱਛ ਗਿੱਛ ਦੌਰਾਨ ਖ਼ੁੱਲ੍ਹਾਸਾ ਹੋਇਆ ਕਿ ਰੋਮੀ ਦੇ ਕੋਲ ਪਿਸਤੌਲ ਵੀ ਹੈ ਜਿਸਤੋਂ ਬਾਅਦ ਪੁਲਿਸ ਨੇ 3 ਪਿਸਤੋਲ ਰੋਮੀ ਤੋਂ ਇਕ ਉਸਦੇ ਸਾਥੀ ਤੋਂ ਬਰਾਮਦ ਕੀਤਾ ਹੈ ਪੁਲਿਸ ਨੇ ਕੁਲ 2 ਨਸ਼ਾ ਤਸਕਰ ਅਤੇ 7 ਲੱਖ 70 ਹਜ਼ਾਰ ਰੂਪਏ ਦੀ ਡਰਗ ਮਣੀ ਬਰਮਦ ਕੀਤੀ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਲੁਧਿਆਣਾ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਬਹੁਤ ਵਧੀਆ ਕੰਮ ਕੀਤਾ ਹੈ ਕਿ ਸੂਚਨਾ ਦੇ ਆਧਾਰ ਤੇ ਨਾਕੇਬੰਦੀ ਦੌਰਾਨ ਪਹਿਲੇ ਦੌਰੇ ਵਿਚ 20 ਗ੍ਰਾਮ ਹੇਰੋਇਨ ਬਰਾਮਦ ਕਰਨ ਉਪਰੰਤ ਪੁੱਛਗਿੱਛ ਤੋ ਬਾਅਦ ਕੁਲ 100 ਗ੍ਰਾਮ ਹੇਰੋਇਨ ਬਰਾਮਦ ਕੀਤੀ ਹੈ। ਕਿਹਾ ਕਿ 7 ਲੱਖ 70 ਹਜਾਰ ਰੁਪਏ ਦੀ ਡਰੱਗ ਮਨੀ ਅਤੇ ਚਾਰ ਪਿਸਟਲ ਸਮੇਤ ਦੋ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ,ਅਤੇ ਇਹਨਾਂ ਦੇ ਖਿਲਾਫ ਪਹਿਲਾਂ ਵੀ ਕੇਸ ਦਰਜ ਹਨ ਓਹਨਾ ਦਸਿਆ ਕਿ ਰੋਮੀ ਦਾ ਇੱਕ ਸਾਥੀ ਮੋਗਾ ਤੋਂ ਗਿਰਫ਼ਤਾਰ ਕੀਤਾ ਹੈ ਹੁਣ ਇਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰ ਰਿਮਾਂਡ ਪ੍ਰਾਪਤ ਕੀਤਾ ਜਾਵੇਗਾ ਅਤੇ ਪੁਛਗਿੱਛ ਦੌਰਾਨ ਹੋਰ ਵੀ ਕਈ ਖੁਲਾਸੇ ਹੋਣ ਦੀ ਉਮੀਦ ਹੈ।

# ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਡੀ ਸੀ ਰਿਸ਼ੀਪਾਲ ਸਿੰਘ ਨੇ ਪਿੰਡ ਸਭਰਾ ਵਿਖੇ ਕੀਤਾ ਆਮ ਆਦਮੀ ਕਲੀਨਿਕ ਦਾ ਉਦਘਾਟਨ




**ਪੱਟੀ/ਕਪਿਲ ਗਿੱਲ**

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰੀਨ ਸਿਹਤ ਸਹੂਲਤਾਂ ਘਰ ਦੇ ਨੇੜੇ ਦੇਣ ਦੇ ਮਕਸਦ ਨਾਲ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਕੀਤੀ ਗਈ ਹੈ। ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਅਤੇ ਡਿਪਟੀ ਕਮਿਸ਼ਨਰ ਨੇ ਪਿੰਡ ਸਭਰਾ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਕੀਤਾ।

# ਗੁ. ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ

**ਲੁਧਿਆਣਾ/ਲੋਕ ਬਾਣੀ**

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੀਤੀ ਸ਼ਾਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਸਿੱਖ ਕੌਮ ਦੇ ਮਹਾਨ ਸੂਰਬੀਰ ਜਰਨੈਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਗਿਆ।ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜੱਥਿਆਂ ਨੇ ਸਾਂਝੇ ਰੂਪ ਵਿੱਚ ਆਪਣੀਆਂ ਹਾਜ਼ਰੀਆ ਭਰ ਕੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਪੰਥ ਦੇ ਪ੍ਰਸਿੱਧ ਕਥਾਵਾਚਕ ਗਿਆਨੀ



ਹਰਪਾਲ ਸਿੰਘ ਦਿੱਲੀ ਵਾਲਿਆ ਨੇ ਸਮਾਗਮ ਵਿੱਚ ਇੱਕਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਕੀਰਤਨ ਸਮਾਗਮ ਨੂੰ ਇੱਕ ਉਪਦੇਸ਼ਕ ਸਮਾਗਮ ਹੈ। ਉਨ੍ਹਾਂ ਨੇ ਸੰਗਤਾਂ ਨੂੰ ਧਰਮ ਦੇ ਮਾਰਗ ਉਪਰ ਚੱਲਣ ,ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ। ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਹੁਦੇਦਾਰਾਂ ਨੇ ਕੀਰਤਨੀ ਜੱਥੇ ਦੇ ਮੈਬਰਾਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਕੀਤਾ । ਇਸ ਸਮੇਂ ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ.ਇੰਦਰਜੀਤ ਸਿੰਘ ਮੱਕੜ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਹੁਦੇਦਾਰ ਸ.ਜਗਦੇਵ ਸਿੰਘ ਕਲਸੀ, ਸ ਮਹਿੰਦਰ ਸਿੰਘ ਡੰਗ, ਜਗਜੀਤ ਸਿੰਘ ਆਹੂਜਾ, ਅੱਤਰ ਸਿੰਘ ਮੱਕੜ, ਰਜਿੰਦਰ ਸਿੰਘ ਡੰਗ, ਗੁਰਪ੍ਰੀਤ ਸਿੰਘ ਡੰਗ,ਬਲਜੀਤ ਸਿੰਘ ਬਾਵਾ, ਹਰਪਾਲ ਸਿੰਘ ਖਾਲਸਾ, ਗਰਦੀਪ ਸਿੰਘ ਡੀਮਾਰਟੇ,ਅਵਤਾਰ ਸਿੰਘ ਬੀ.ਕੇ, ਭੁਪਿੰਦਰ ਸਿੰਘ ਅਰੋੜਾ, ਪਰਮਜੀਤ ਸਿੰਘ ਸੇਠੀ,,ਇੰਦਰਬੀਰ ਸਿੰਘ ਬੱਤਰਾ,ਹਰਪ੍ਰੀਤ ਸਿੰਘ ਨੀਟਾ,ਅਵਤਾਰ ਸਿੰਘ ਮਿੱਡਾ, ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

## 28 ਜਨਵਰੀ ਲਾਲਾ ਲਾਜਪਤ ਰਾਏ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼

# ਪੰਜਾਬ ਕੇਸਰੀ ਲਾਲਾ ਲਾਜਪਤ ਰਾਏ



**ਲਾਲਾ** ਲਾਜਪਤ ਰਾਏ ਜੀ ਨਿਡਰ,ਮਹਾਨ ਨੇਤਾ ਅਤੇ ਸੱਚੇ ਦੇਸ਼ ਭਗਤ ਵੀ ਸਨ। 28 ਜਨਵਰੀ 2023 ਮਹਾਨ ਸੁਤੰਤਰਤਾ ਸੈਨਾਨੀ ਲਾਲਾ ਲਾਜਪਤ ਰਾਏ ਦੀ 158ਵੀਂ ਜਯੰਤੀ ਹੈ। ਉਨ੍ਹਾਂ ਦੀ ਦੇਸ਼ ਭਗਤੀ ਲਈ ਉਨ੍ਹਾਂ ਨੂੰ 'ਪੰਜਾਬ ਕੇਸਰੀ' ਅਤੇ 'ਪੰਜਾਬ ਦਾ ਸ਼ੇਰ' ਦਾ ਖਿਤਾਬ ਦਿੱਤਾ ਗਿਆ। ਲਾਲਾ ਲਾਜਪਤ ਰਾਏ ਜੀ ਦਾ ਜਨਮ 28 ਜਨਵਰੀ 1865 ਈ. ਨੂੰ ਪਿੰਡ ਢੁੱਡੀਕੇ ਵਿਖੇ ਹੋਇਆ। ਲਾਲਾ ਲਾਜਪਤ ਰਾਏ ਦੀ ਮਾਂ ਦਾ ਨਾਂ ਗੁਲਾਬ ਦੇਵੀ ਸੀ ਉਹ ਸਮਾਜ ਸੇਵੀ ਸੀ। ਉਨ੍ਹਾਂ ਦੇ ਪਿਤਾ ਮੁੰਸ਼ੀ ਰਾਧਾ ਕ੍ਰਿਸ਼ਣ ਜੀ ਸਨ ।ਲਾਲਾ ਲਾਜਪਤ ਰਾਏ ਜੀ ਨੇ ਵਕਾਲਤ ਦੀ ਡਿਗਰੀ ਪਾਸ ਕੀਤੀ ਸੀ।1888 ਈ.ਵਿੱਚ ਲਾਲਾ ਲਾਜਪਤ ਰਾਏ ਜੀ ਕਾਂਗਰਸ ਦੇ ਮੈਂਬਰ ਬਣ ਗਏ ਸਨ। ਬਨਾਰਸ ਕਾਂਗਰਸ ਦੇ ਇਜਲਾਸ (1905 ਈ.) ਵਿਚ ਵੀ ਕੱਟੜਪੰਥੀਆਂ ਨੇ ਵੱਖਰੀ ਮੀਟਿੰਗ ਕੀਤੀ। ਲਾਜਪਤ ਰਾਏ ਨੇ ਵੀ ਇਸ ਵਿੱਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਜੇਕਰ ਭਾਰਤ ਨੇ ਅਜ਼ਾਦੀ ਲੈਣੀ ਹੈ ਤਾਂ ਇਸ ਨੂੰ ਭਿਖਾਰੀ ਦਾ ਤਿਆਗ ਕਰਕੇ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਪਵੇਗਾ। 1906 ਈ. ਵਿੱਚ ਗੋਖਲੇ ਨਾਲ ਇੰਗਲੈਂਡ ਵੀ ਗਏ। ਲਾਲਾ ਲਾਜਪਤ ਰਾਏ ਜੀ ਗਰਮ ਧੜੇ ਨਾਲ ਸੰਬੰਧ ਰੱਖਦੇ ਸਨ। ਲਾਲਾ ਲਾਜਪਤ ਰਾਏ ਮਾਜ਼ਿਨੀ ਨੂੰ ਆਪਣਾ ਰਾਜਨੀਤਿਕ (ਸਿਆਸੀ ) ਗੁਰੂ ਮੰਨਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਹਿੰਦੂ ਧਰਮ ਦੇ ਆਦਰਸ਼ਾਂ ਨੂੰ ਰਾਸ਼ਟਰਵਾਦ ਨਾਲ ਜੋੜ ਕੇ ਧਰਮ ਨਿਰਪੱਖ ਰਾਜ ਦੀ ਸਥਾਪਨਾ ਹੋਵੇਗੀ। ਲਾਲਾ ਲਾਜਪਤ ਰਾਏ ਜੀ ਨੇ ਸਰਦਾਰ ਅਜੀਤ ਸਿੰਘ ਨਾਲ ਮਿਲ ਕੇ ਖੇਤੀ-ਬਾੜੀ ਸੰਬੰਧੀ ਨੀਤੀ ਦਾ ਵਿਰੋਧ ਕੀਤਾ ਸੀ ਜਿਸ ਕਾਰਨ ਦੋਨਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਸੀ। ਲਾਲਾ ਲਾਜਪਤ ਰਾਏ ਜੀ ਨੇ ਯੰਗ ਇੰਡੀਆ ਨਾਮ ਦਾ ਅਖਬਾਰ ਵੀ ਜਾਰੀ ਕੀਤਾ ਉਹਨਾਂ ਨੇ ਪ੍ਰਸਿੱਧ ਅਖਬਾਰਾਂ ਪੰਜਾਬ,ਬੰਦੇ ਮਤਾਰਮ ,ਦੀ ਪੀਪਲ ਅਦਿ ਚਲਾਈਆਂ ਅਮਰੀਕਾ ਵਿਖੇ ਲਾਲਾ ਲਾਜਪਤ ਰਾਏ ਜੀ ਨੇ ਹੋਮ ਰੂਲ ਅਤੇ ਇਨਫਰਮੇਸ਼ਨ ਬਿਊਰੋ ਦੋ ਕਮੇਟੀਆਂ ਦੀ ਸਥਾਪਨਾ ਕੀਤੀ ।1920 ਈ. ਵਿੱਚ ਕਾਂਗਰਸ ਦੇ ਇਜਲਾਸ ਵਿੱਚ ਉਹ ਪ੍ਰਧਾਨ ਚੁਣੇ ਗਏ।1923 ਈ. ਕੇਂਦਰੀ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਬਣੇ । 1925 ਵਿਚ ਉਹਨਾਂ ਨੂੰ ਹਿੰਦੂ ਮਹਾਂਸਭਾ ਦੇ ਕਲਕੱਤਾ ਸੈਸ਼ਨ ਦਾ ਪ੍ਰਧਾਨ ਬਣਾਇਆ ਗਿਆ। 20 ਅਕਤੂਬਰ 1928 ਈ. ਵਿੱਚ ਲਾਲਾ ਲਾਜਪਤ ਰਾਏ ਜੀ ਨੇ ਲਾਹੌਰ ਵਿੱਚ ਪਹੁੰਚੇ ਸਾਈਮਨ ਕਮਿਸ਼ਨ ਦਾ ਵਿਰੋਧ ਕੀਤਾ ਸੀ। ਸਾਈਮਨ ਕਮਿਸ਼ਨ ਦਾ ਵਿਰੋਧ ਕਰਦਿਆਂ ਲਾਲਾ ਜੀ ਨੇ 'ਗੋ ਬੈਕ ਟੂ ਦਾ ਬ੍ਰਿਟਿਸ਼' ਦਾ ਨਾਅਰਾ ਦਿੱਤਾ ਅਤੇ ਕਮਿਸ਼ਨ ਦਾ ਸਖ਼ਤ ਵਿਰੋਧ ਕੀਤਾ। ਇਸ ਦੇ ਜਵਾਬ ਵਿਚ ਅੰਗਰੇਜ਼ਾਂ ਨੇ ਅਚਾਨਕ ਜਲੂਸ 'ਤੇ ਲਾਠੀ-ਚਾਰਜ ਕੀਤਾ ਗਿਆ ਜਿਸ ਨਾਲ ਲਾਲਾ ਜੀ ਜਖਮੀ ਹੋ ਗਏ ਅਤੇ ਉਹਨਾਂ ਨੇ ਆਪਣੇ ਮੂੰਹੋਂ ਇਹ ਸ਼ਬਦ ਕਹੇ "ਮੇਰੇ ਸਰੀਰ ਉੱਤੇ ਕੀਤਾ ਗਿਆ ਲਾਠੀ ਦਾ ਇੱਕ-ਇੱਕ ਵਾਰ ਬ੍ਰਿਟਿਸ ਸਾਮਰਾਜ ਦੇ ਕਫਨ ਵਿੱਚ ਕਿੱਲ ਸਿੱਧ ਹੋਵੇਗਾ। 17 ਨਵੰਬਰ 1928 ਨੂੰ ਉਨ੍ਹਾਂ ਦੀ ਮੌਤ ਹੋ ਗਈ। ਲਾਲਾ ਲਾਜਪਤ ਰਾਏ ਜੀ ਇੱਕ ਮਹਾਨ ਵਕਤਾ ਸਨ ਉਹਨਾਂ ਦੇ ਪ੍ਰਭਾਵਸ਼ਾਲੀ ਭਾਸ਼ਨਾਂ ਅਤੇ ਬਹਾਦਰੀ ਕਾਰਨਾਮਿਆਂ ਕਰਕੇ ਉਹਨਾਂ ਨੂੰ ਸ਼ੇਰ ਏ ਪੰਜਾਬ ਕਿਹਾ ਜਾਂਦਾ ਹੈ। ਉਹਨਾਂ ਦੀਆਂ ਮੁੱਖ ਰਚਨਾਵਾਂ ਜਿੰਨਾਂ ਵਿੱਚੋਂ ਉਦਾਸ ਭਾਰਤ, 1928 ਈ. ਇਹ ਅੰਗਰੇਜ਼ੀ ਵਿੱਚ ਵੀ Unhappy India ਨਾਮ ਹੇਠ ਪ੍ਰਕਾਸ਼ਿਤ ਹੋਇਆ ਸੀ ਅਤੇ ਨੌਜਵਾਨ ਭਾਰਤ ਇੰਗਲੈਂਡ ਦਾ ਭਾਰਤ 'ਤੇ ਕਰਜ਼ਾ ਹੈ ਭਾਰਤ ਦਾ ਸਿਆਸੀ ਭਵਿੱਖ ਮੇਰੀ ਲਾਈਫ ਦੀ ਕਹਾਣੀ (ਆਟੋਬਾਇਓਗ੍ਰਾਫੀ) ਤਰੁਣ ਭਾਰਤ ਆਦਿ ਹਨ ਉਹਨਾਂ ਨੇ ਭਾਰਤੀ ਸੇਵਕ ਸੰਮਤੀ ਦੀ ਸਥਾਪਨਾ ਕੀਤੀ ਉਨ੍ਹਾਂ ਨੇ ਪੰਜਾਬ ਨੈਸ਼ਨਲ ਬੈਂਕ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਈ। ਸਵਾਮੀ ਦਯਾਨੰਦ ਸਰਸਵਤੀ ਦੇ ਨਾਲ ਮਿਲ ਕੇ ਉਨ੍ਹਾਂ ਨੇ ਆਰੀਆ ਸਮਾਜ ਨੂੰ ਪੰਜਾਬ ਵਿੱਚ ਹਰਮਨ ਪਿਆਰਾ ਬਣਾਇਆ। ਮੁੰਬਈ ਵਿੱਚ ਕਾਮਰਸ ਅਤੇ ਅਰਥ ਸ਼ਾਸਤਰ ਦਾ ਕਾਲਜ,ਲਾਲਾ ਲਾਜਪਤ ਰਾਏ ਮੈਮੋਰੀਅਲ ਮੈਡੀਕਲ ਕਾਲਜ, ਮੇਰਠ ਦਾ ਨਾਮ ਉਨ੍ਹਾਂ ਦੇ ਨਾਮ 'ਤੇ ਰੱਖਿਆ ਗਿਆ ਹੈ। 1998 ਵਿੱਚ, ਲਾਲਾ ਲਾਜਪਤ ਰਾਏ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ, ਮੋਗਾ ਦਾ ਨਾਮ ਉਹਨਾਂ ਦੇ ਨਾਮ ਤੇ ਰੱਖਿਆ ਗਿਆ ਸੀ। 2010 ਵਿੱਚ, ਹਰਿਆਣਾ ਸਰਕਾਰ ਨੇ ਉਹਨਾਂ ਦੀ ਯਾਦ ਵਿੱਚ ਹਿਸਾਰ ਵਿੱਚ ਲਾਲਾ ਲਾਜਪਤ ਰਾਏ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਅਤੇ ਹੋਰ ਕਈ ਸੰਸਥਾਵਾਂ, ਸਕੂਲਾਂ ਅਤੇ ਲਾਇਬ੍ਰੇਰੀਆਂ ਦਾ ਨਾਮ ਉਹਨਾਂ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ।

**-ਪ੍ਰੋ.ਗਗਨਦੀਪ ਕੌਰ ਧਾਲੀਵਾਲ**

# ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਵਿੱਚ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ










**ਚੰਡੀਗੜ੍ਹ/ਵਿਨੋਦ ਸ਼ਰਮਾ**

ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਦਰਿਆ ਚੰਡੀਗੜ ਵਿੱਚ ਗਣਤੰਤਰ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦਾ ਉਦਘਾਟਨ ਐਨਆਰਆਈ ਸੁਦਰਸ਼ਨ ਗਰਗ ਨੇ ਕੀਤਾ ਜਦਕਿ ਪ੍ਰਧਾਨਗੀ ਮਹਿੰਦਰ ਗੁਪਤਾ ਨੇ ਕੀਤੀ। ਪ੍ਰੋਗਰਾਮ ਦੌਰਾਨ ਹੱਥਾਂ ਵਿੱਚ ਤਿਰੰਗੇ ਅਤੇ ਸਿਰਾਂ 'ਤੇ ਟੋਪੀਆਂ ਲੈ ਕੇ ਆਏ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਗਣਤੰਤਰ ਦਿਵਸ ਮੌਕੇ ਬੱਚਿਆਂ ਨੇ ਪਲਾਸਟਿਕ ਦੀ ਵਰਤੋਂ ਨਾ ਕਰੋ, ਬੱਚੀਆਂ ਬਚਾਓ ਅਤੇ ਰੁੱਖ ਲਗਾਓ ਦੇ ਸੰਦੇਸ਼ ਦੇ ਕੇ ਜਾਗਰੂਕਤਾ ਫੈਲਾਈ। ਪ੍ਰਵਾਸੀ ਭਾਰਤੀ ਸੁਦਰਸ਼ਨ ਗਰਗ ਨੇ ਕਿਹਾ ਕਿ ਸਾਨੂੰ ਦੇਸ਼ ਪ੍ਰਤੀ ਪਿਆਰ ਦੀ ਭਾਵਨਾ ਨੂੰ ਕਾਇਮ ਰੱਖਣਾ ਹੋਵੇਗਾ। ਦੇਸ਼ ਭਗਤੀ ਤੋਂ ਬਿਨਾਂ ਭਾਈਚਾਰਾ ਕਾਇਮ ਨਹੀਂ ਰਹਿ ਸਕਦਾ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਦੀ ਦੇਸ਼ ਪ੍ਰਤੀ ਅਥਾਹ ਵਫ਼ਾਦਾਰੀ ਅਤੇ ਸਦਭਾਵਨਾ ਜ਼ਰੂਰੀ ਹੈ। ਪਿ੍ਰੰਸੀਪਲ ਡਾ: ਵਿਨੋਦ ਸ਼ਰਮਾ ਨੇ ਗਣਤੰਤਰ ਭਾਰਤ 'ਤੇ ਕਵਿਤਾ ਪੇਸ਼ ਕਰਦਿਆਂ ਕਿਹਾ ਕਿ ਭਾਰਤ ਵਿਭਿੰਨਤਾਵਾਂ ਦਾ ਦੇਸ਼ ਹੈ, ਪਰ ਅਨੇਕਤਾ ਵਿੱਚ ਏਕਤਾ ਦੀ ਝਲਕ ਇੱਥੇ ਜ਼ਰੂਰ ਦੇਖਣ ਨੂੰ ਮਿਲਦੀ ਹੈ।

# ਸਰਕਾਰੀ ਹਾਈ ਸਕੂਲ ਛਾਉਣੀ ਮੁਹੱਲਾ ਵਿਖੇ 13ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਮੁੱਖ ਰਜ਼ਿਸਟ ?ਰੇਸ਼ਨ ਅ਼ਫਸਰ ਸ੍ਰੀ ਬਲਜਿੰਦਰ ਸਿੰਘ ਢਿੱਲੋ ਦੀ ਅਗਵਾਈ ਹੇਠ 25 ਜਨਵਰੀ ਨੂੰ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 13ਵਾਂ ਰਾਸ਼ਟਰੀ ਵੋਟਰ ਦਿਵਸ ਹਲਕਾ 065 ਲੁਧਿਆਣਾ (ਉੱਤਰੀ) ਅਧੀਨ ਸਥਾਨਕ ਸਰਕਾਰੀ ਹਾਈ ਸਕੂਲ ਛਾਉਣੀ ਮੁਹੱਲਾ ਵਿਖੇ ਮਨਾਇਆ ਗਿਆ। ਸੈਕਟਰ ਅ਼ਫਸਰ ਬਲਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਗਮ ਦੌਰਾਨ ਬੱਚਿਆਂ ਵੱਲੋਂ ਪੋਸਟਰ ਅਤੇ ਮਹਿੰਦੀ ਮੁਕਾਬਲੇ ਕਰਵਾਏ ਗਏ। ਉਨ੍ਹਾਂ ਅੱਗੇ ਦੱਸਿਆ ਕਿ ਨਵੇਂ ਵੋਟਰਾਂ ਨੂੰ ਕਾਰਡ ਵੰਡੇ ਗਏ ਅਤੇ ਵੋਟਰ ਦਿਵਸ ਦੀ ਮਹੱਤਤਾਂ ਬਾਰੇ ਜਾਣੂੰ ਵੀ ਕਰਵਾਇਆ ਗਿਆ। ਇਸ ਮੌਕੇ ਮੁੱਖ ਰਜ਼ਿਸਟ ?ਰੇਸ਼ਨ ਅ਼ਫਸਰ ਸ੍ਰੀ ਬਲਜਿੰਦਰ ਸਿੰਘ ਢਿੱਲੋ ਦੇ ਨਾਲ ਬਲਜੀਤ ਸਿੰਘ ਸੈਕਟਰ ਅ਼ਫਸਰ, ਮੁੱਖ ਅਧਿਆਪਕ ਮੈਡਮ ਦੀਪੀਕਾ, ਮੈਡਮ ਮੋਨੀਕਾ, ਮੈਡਮ ਮੀਨਾਸ਼ਕੀ ਅਤੇ ਬੀ.ਐਲ.ਓ. ਕੁਲਦੀਪ ਕੁਮਾਰ, ਪ੍ਰੀਤ, ਜਸਪ੍ਰੀਤ ਕੌਰ, ਯਾਦਵਿੰਦਰ ਸਿੰਘ, ਯੋਗੇਸ਼ ਸਿੰਗਲਾ, ਬੀਨੂ, ਹਰਸਿਮਰਨ ਕੌਰ, ਮਨਪ੍ਰੀਤ ਕੁਮਾਰ, ਅਮਿਤ ਮਦਾਨ, ਸੀਮਾ ਜੈਨ ਵਲੋਂ ਇਸ ਵੋਟਰ ਦਿਵਸ ਨੂੰ ਯਾਦਗਾਰ ਬਣਾਇਆ ਗਿਆ।

# ਆਪੇਸ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਸਰਸਵਤੀ ਪੂਜਾ ਦਾ ਆਯੋਜਿਨ ਕੀਤਾ



**ਲੁਧਿਆਣਾ/ਰਾਜੂ ਵਾਲੀਆ, ਸ਼ੰਮੀ ਕੁਮਾਰ**

ਆਪੇਸ ਇੰਟਰਨੈਸ਼ਨਲ ਪਬਲਿਕ ਸਕੂਲ ਚ ਅੱਜ 26ਜਨਵਰੀ ਨੂੰ ਇਨ: ਉਮੇਸ਼ ਕੁਮਾਰ ਦੀ ਅਗਵਾਈ ਚ ਮਾਂ ਸਰਸਵਤੀ ਪੂਜਾ ਦਾ ਆਯੋਜਿਨ ਕੀਤਾ ਗਿਆ ਜਿਸ ਵਿਚ ਆਮ ਆਦਮੀ ਪਾਰਟੀ ਦੇ ਆਗੂ ਬੀ.ਐਲ.ਯਾਦਵ ਨੇ ਮੁਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਇਸ ਮੌਕੇ ਤੇ ਮਾਂ ਸਰਸਵਤੀ ਦੇ ਗੁਣਗਾਨ ਕੀਤੇ ਗਏ ਅਤੇ ਹਵਨ ਯੁਗ ਵੀ ਕੀਤਾ ਗਿਆ ਇਸ ਮੌਕੇ ਤੇ ਲੰਗਰ ਵੀ ਵੰਡਿਆ ਗਿਆ।

# ਸ੍ਰੀ ਰਾਮ ਗੋਪਾਲ ਵਰਮਾ ਐਗਰੀ ਕਲਚਰ ਡਿਪਾਰਟਮੈਂਟ ਹਰਿਆਣਾ ਪਿੰਗਲਵਾੜਾ ਫਾਰਮ ਦਾ ਦੌਰਾ ਕੀਤਾ




**ਲੁਧਿਆਣਾ/ਲੋਕ ਬਾਣੀ**

'ਭਗਤ ਪੂਰਨ ਸਿੰਘ ਕੁਦਰਤੀ ਖੇਤੀ ਫਾਰਮ ਅਤੇ ਰਿਸਰਚ ਸੈਂਟਰ ਜੰਡਿਆਲਾ ਗੁਰੂ' ਵਿਖੇ ਸ੍ਰੀ ਰਾਮ ਗੋਪਾਲ ਵਰਮਾ ਐਗਰੀ ਕਲਚਰ ਡਿਪਾਰਟਮੈਂਟ ਹਰਿਆਣਾ ਇੰਚਾਰਜ ਜੈਵਿਕ ਖੇਤੀ ਕੁਰੁਕਸ਼ੇਤਰ ਹਰਿਆਣਾ ਸਰਕਾਰ ਦੇ ਐਗਰੀ ਕਲਚਰ ਨਮੁਦੇ ਨੇ ਆਪਣੇ ਸਾਥੀਆਂ ਨਾਲ ਪਿੰਗਲਵਾੜਾ ਫਾਰਮ ਦਾ ਦੌਰਾ ਕੀਤਾ। ਵੱਖ-ਵੱਖ ਫ਼ਸਲਾਂ ਬਾਰੇ ਇੰਚਾਰਜ ਫਾਰਮ ਸ. ਰਾਜਬੀਰ ਸਿੰਘ ਜੀ ਨੇ ਜਾਣਕਾਰੀ ਦਿੱਤੀ। ਇਹ ਫਾਰਮ 2007 ਤੋਂ ਬਿਨਾਂ ਖਾਧਾ ਸਪੇ ਅਰਾਂਤੋਂ ਸੁਭਾਸ਼ ਪਾਲੇਕਰ ਅਮਰਾਵੰ ਤੀਜੀ ਦੀ ਵਿਧੀ ਅਨੁਸਾਰ ਕੰਮ ਕਰ ਰਿਹਾ ਹੈ। ਇੰਚਾਰਜ ਹਰਿਆਣਾ ਐਗਰੀ ਕਲਚਰ ਵਿਭਾਗ ਸ਼ਰਮਾ ਜੀ ਅਤੇ ਸਾਥੀਆਂ ਨੇ ਫਾਰਮ ਦੇਖ ਕੇ ਬਹੁਤ ਖੁਸ਼ੀ ਮਹਿਸੂਸ ਕੀਤੀ। ਹਰਿਆਣਾ ਕੁਰਕਸ਼ੇਤਰ ਗੁਰੂ ਕੁਲ ਵਿਖੇ ਅਤੇ ਹੋਰ ਕਿਸਾਨਾਂ ਵੱਲੋਂ ਕੀਤੀ ਜਾਰ ਹੀ ਖੇਤੀ ਲਈ ਸਾਨੂੰ ਵਡਮੁੱਲੀ ਜਾਣਕਾਰੀ ਮਿਲੀ ਹੈ ਕਿਉਂਕਿ ਇਸ ਫਾਰਮ ਵਿਚ ਗੰਨਾ ਲਗਾਤਾਰ 8 ਸਾਲ ਚਲਾਇਆ ਜਾਂਦਾ ਹੈ ਅਤੇ ਉਸ ਵਿਚ 10 ਤੋਂ 12 ਸਬਜ਼ੀਆ ਸਮੇਂ-ਸਮੇਂ ਸਿਰ ਪੈਦਾ ਕੀਤੀ ਆ ਜਾ ਰਹੀਆਂ ਹਨ। ਅਨਾਰਾਂ ਦਾ ਬਾਗ਼, ਅਮਰ ਪਾਲੀ ਅੰਬਾਂ ਦਾ ਬਾਗ਼ ਅਤੇ ਪੋਪਲੂਰ ਦੇ ਖੇਤਾਂ ਵਿਚ ਸਮੇਂ-ਸਮੇਂ ਸਬਜ਼ੀਆਂ, ਪਸ਼ੂਆਂ ਦਾ ਚਾਰਾਂ ਲਇਆ ਜਾਂਦਾ ਹੈ। ਦੱਸ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂਡਾ. ਇੰਦਰਜੀਤ ਕੌਰ ਮੁਖ ਸੇਵਾਦਾਰ ਪਿੰਗਲਵਾੜਾ ਦੇ ਸਹਿਯੋਗ ਨਾਲ ਇਹ ਫਾਰਮ ਭਾਰਤ ਵਿਚ ਨਾਮਵਾਰ ਖੇਤੀ ਫਾਰਮ ਅਖਵਾ ਰਿਹਾ ਹੈ।

# ਅਨੁਭਵ ਹੀ ਸਰਵੋਤਮ ਅਧਿਆਪਕ ਹੈ

ਜ਼ਿੰਦਗੀ ਚੁਣੌਤੀਆਂ ਅਤੇ ਅਨਿਸ਼ਚਿਤਤਾਵਾਂ ਨਾਲ ਭਰੀ ਹੋਈ ਹੈ। ਕੋਈ ਵੀ ਵਿਅਕਤੀ ਜੀਵਨ ਵਿੱਚ ਹਰ ਮੁਸ਼ਕਲ ਦਾ ਸਾਹਮਣਾ ਕਰਨ ਲਈ ਕੁਦਰਤੀ ਤੌਰ 'ਤੇ ਤਿਆਰ ਨਹੀਂ ਹੁੰਦਾ। ਜ਼ਿੰਦਗੀ ਦੇ ਖ਼ਤਰਿਆਂ ਨਾਲ ਨਜਿੱਠਣ ਦੌਰਾਨ ਕੋਈ ਅਨੁਭਵ ਹਾਸਲ ਕਰਦਾ ਹੈ। ਤਜਰਬਾ ਸਭ ਤੋਂ ਵਧੀਆ ਅਧਿਆਪਕ ਹੈ ਜੋ ਦੱਸਦਾ ਹੈ ਕਿ ਕਿਵੇਂ ਜ਼ਿੰਦਗੀ ਦੀਆਂ ਅਨਿਸ਼ਚਿਤਤਾਵਾਂ ਨਾਲ ਨਜਿੱਠਣ ਦਾ ਤਜਰਬਾ ਮਨੁੱਖ ਨੂੰ ਕਠੋਰ ਬਣਾਉਂਦਾ ਹੈ ਅਤੇ ਉਸਨੂੰ ਜ਼ਿੰਦਗੀ ਦੀਆਂ ਸਭ ਤੋਂ ਭੈੜੀਆਂ ਲੜਾਈਆਂ ਦੇ ਵਿਰੁੱਧ ਤਿਆਰ ਕਰਦਾ ਹੈ।

ਅਨੁਭਵ ਸਭ ਤੋਂ ਵਧੀਆ ਅਧਿਆਪਕ ਹੈ। ਅਸੀਂ ਆਪਣੀਆਂ ਗਲਤੀਆਂ ਤੋਂ ਸਿੱਖਦੇ ਹਾਂ ਅਤੇ ਹਰ ਤਜਰਬੇ ਨਾਲ ਸਮਝਦਾਰ ਬਣਦੇ ਹਾਂ। ਜੋ ਸਬਕ ਅਸੀਂ ਜੀਵਨ ਦੁਆਰਾ ਸਿੱਖਦੇ ਹਾਂ ਉਹ ਸਾਨੂੰ ਵਿਅਕਤੀਗਤ ਤੌਰ 'ਤੇ ਵਧਣ ਅਤੇ ਬਿਹਤਰ ਫੈਸਲੇ ਲੈਣ ਵਿੱਚ ਮਦਦ ਕਰਦੇ ਹਨ। ਇਸ ਲੇਖ ਵਿੱਚ, ਮੈਂ ਇੱਕ ਅਧਿਆਪਕ ਵਜੋਂ ਅਨੁਭਵ ਦੇ ਮਹੱਤਵ ਬਾਰੇ ਚਰਚਾ ਕਰਾਂਗਾ ਅਤੇ ਆਪਣੇ ਤਜ਼ਰਬਿਆਂ ਦੁਆਰਾ ਸਿੱਖੇ ਕੁਝ ਸਬਕ ਸਾਂਝੇ ਕਰਾਂਗਾ।

ਸਭ ਤੋਂ ਮਹੱਤਵਪੂਰਨ ਚੀਜ਼ਾਂ ਵਿੱਚੋਂ ਇੱਕ ਜੋ ਅਸੀਂ ਅਨੁਭਵ ਤੋਂ ਸਿੱਖਦੇ ਹਾਂ ਉਹ ਹੈ ਕਿ ਬਿਹਤਰ ਫੈਸਲੇ ਕਿਵੇਂ ਲੈਣੇ ਹਨ। ਹਰ ਇੱਕ ਫੈਸਲੇ ਨਾਲ ਜੋ ਅਸੀਂ ਕਰਦੇ ਹਾਂ, ਅਸੀਂ ਆਪਣੀਆਂ ਗਲਤੀਆਂ ਤੋਂ ਸਿੱਖਦੇ ਹਾਂ ਅਤੇ ਭਵਿੱਖ ਦੀਆਂ ਚੋਣਾਂ ਕਰਨ ਵਿੱਚ ਬਿਹਤਰ ਬਣਦੇ ਹਾਂ। ਉਦਾਹਰਨ ਲਈ, ਜੇਕਰ ਅਸੀਂ ਇੱਕ ਮਾੜਾ ਨਿਵੇਸ਼ ਕਰਦੇ ਹਾਂ, ਤਾਂ ਅਸੀਂ ਭਵਿੱਖ ਵਿੱਚ ਆਪਣੇ ਪੈਸਿਆਂ ਪ੍ਰਤੀ ਵਧੇਰੇ ਸਾਵਧਾਨ ਰਹਿਣਾ ਸਿੱਖਦੇ ਹਾਂ। ਜੇਕਰ ਅਸੀਂ ਕਾਰ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੇ ਹਾਂ, ਤਾਂ ਅਸੀਂ ਵਧੇਰੇ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣਾ ਸਿੱਖਦੇ ਹਾਂ। ਅਸੀਂ ਤਜਰਬੇ ਤੋਂ ਸਿੱਖੇ ਸਬਕ ਨੂੰ ਸਾਡੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਲਾਗੂ ਕਰ ਸਕਦੇ ਹਾਂ।ਜਿਸ ਵਿੱਚ ਸਾਡੇ ਨਿੱਜੀ ਰਿਸ਼ਤੇ, ਸਾਡੇ ਕਰੀਅਰ, ਅਤੇ ਇੱਥੋਂ ਤੱਕ ਕਿ ਸਾਡੀ ਆਪਣੀ ਸਿਹਤ ਵੀ ਸ਼ਾਮਲ ਹੈ।

ਇਕ ਹੋਰ ਮਹੱਤਵਪੂਰਣ ਗੱਲ ਜੋ ਅਸੀਂ ਤਜਰਬੇ ਤੋਂ ਸਿੱਖਦੇ ਹਾਂ ਉਹ ਹੈ ਕਿ ਮੁਸ਼ਕਲ ਸਥਿਤੀਆਂ ਨਾਲ ਕਿਵੇਂ ਨਜਿੱਠਣਾ ਹੈ। ਜਦੋਂ ਕੁਝ ਗਲਤ ਹੋ ਜਾਂਦਾ ਹੈ, ਅਸੀਂ ਸਿੱਖਦੇ ਹਾਂ ਕਿ ਤਣਾਅ ਨਾਲ ਕਿਵੇਂ ਸਿੱਝਣਾ ਹੈ ਅਤੇ ਸਮੱਸਿਆ ਨੂੰ ਹੱਲ ਕਰਨ ਦਾ ਤਰੀਕਾ ਲੱਭਿਆ ਹੈ। ਅਸੀਂ ਇਹ ਵੀ ਸਿੱਖਦੇ ਹਾਂ ਕਿ ਕਿਵੇਂ ਬਿਹਤਰ ਸੰਚਾਰ ਕਰਨਾ ਹੈ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਇੱਕ ਟੀਮ ਦੇ ਰੂਪ ਵਿੱਚ ਇਕੱਠੇ ਕੰਮ ਕਰਨਾ ਹੈ। ਇਹ ਸਾਡੇ ਕਰੀਅਰ ਵਿੱਚ ਖਾਸ ਤੌਰ 'ਤੇ ਮਹੱਤਵਪੂਰਨ ਹੈ, ਜਿੱਥੇ ਸਾਨੂੰ ਅਕਸਰ ਇੱਕ ਸਾਂਝੇ ਟੀਚੇ ਨੂੰ ਪ੍ਰਾਪਤ ਕਰਨ ਲਈ ਦੂਜਿਆਂ ਨਾਲ ਕੰਮ ਕਰਨਾ ਪੈਂਦਾ ਹੈ।

ਜੋ ਸਬਕ ਅਸੀਂ ਤਜਰਬੇ ਤੋਂ ਸਿੱਖਦੇ ਹਾਂ ਉਹ ਅਨਮੋਲ ਹੁੰਦੇ ਹਨ, ਅਤੇ ਉਹ ਸਾਨੂੰ ਬਿਹਤਰ ਵਿਅਕਤੀਆਂ ਵਿੱਚ ਵਾਧਾ ਕਰਨ ਵਿੱਚ ਮਦਦ ਕਰਦੇ ਹਨ। ਮੇਰਾ ਮੰਨਣਾ ਹੈ ਕਿ ਅਨੁਭਵ ਸਭ ਤੋਂ ਵਧੀਆ ਅਧਿਆਪਕ ਹੈ, ਅਤੇ ਮੈਂ ਆਪਣੇ ਤਜ਼ਰਬਿਆਂ ਦੁਆਰਾ ਸਿੱਖੇ ਗਏ ਸਾਰੇ ਪਾਠਾਂ ਲਈ ਧੰਨਵਾਦੀ ਹਾਂ।

ਇਸ ਲਈ, ਤਜਰਬਾ ਜੀਵਨ ਵਿੱਚ ਸਭ ਤੋਂ ਕੀਮਤੀ ਸੰਪੱਤੀ ਹੈ। ਅਨੁਭਵ ਨਾਲ, ਬੁੱਧੀ ਆਉਂਦੀ ਹੈ, ਅਤੇ ਬੁੱਧੀ ਨਾਲ, ਸਾਡੇ ਆਲੇ ਦੁਆਲੇ ਦੇ ਸੰਸਾਰ ਦੀ ਬਿਹਤਰ ਸਮਝ ਆਉਂਦੀ ਹੈ। ਮੇਰਾ ਮੰਨਣਾ ਹੈ ਕਿ ਤਜਰਬਾ ਇੱਕ ਸਫਲ ਜੀਵਨ ਦੀ ਕੁੰਜੀ ਹੈ, ਅਤੇ ਮੈਂ ਹਰ ਕਿਸੇ ਨੂੰ ਆਪਣੇ ਤਜ਼ਰਬਿਆਂ ਤੋਂ ਵੱਧ ਤੋਂ ਵੱਧ ਸਿੱਖਣ ਲਈ ਉਤਸ਼ਾਹਿਤ ਕਰਦਾ ਹਾਂ।

**-ਜਸਵਿੰਦਰ ਪਾਲ ਸ਼ਰਮਾ**
**ਸਸ ਮਾਸਟਰ**
**ਸਸਸਸ ਹਾਕੂਵਾਲਾ**
**ਸ੍ਰੀ ਮੁਕਤਸਰ ਸਾਹਿਬ**

# ਜਵਾਹਰ ਨਵੋਦਿਆ ਵਿਦਿਆਲਿਆ ਦਬੂੜੀ ਚ 74 ਵਾਂ ਗਣਤੰਤਰ ਦਿਵਸ ਮਨਾਇਆ



**ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਜਵਾਹਰ ਨਵੋਦਿਆ ਵਿਦਿਆਲਿਆ ਸਕੂਲ ਦਬੂੜੀ ਚ ਸਮੂਹ ਸਕੂਲ ਅਧਿਆਪਕਾਂ ਅਤੇ ਸਕੂਲ ਬੱਚਿਆਂ ਦੇ ਸਹਿਯੋਗ ਨਾਲ ਪ੍ਰਿੰਸੀਪਲ ਨਰੇਸ਼ ਕੁਮਾਰ ਵੱਲੋਂ ਤਿਰੰਗਾ ਝੰਡਾ ਲਹਿਰਾ ਕੇ 74 ਵਾਂ ਗਣਤੰਤਰ ਦਿਵਸ਼ ਮਨਾਇਆ ਗਿਆ ।ਇਸ ਸਮੇਂ ਪ੍ਰਿੰਸੀਪਲ ਨਰੇਸ਼ ਕੁਮਾਰ ਵੱਲੋਂ ਬੱਚਿਆਂ ਨੂੰ ਗਣਤੰਤਰ ਦਿਵਸ਼ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗਣਤੰਤਰ ਦਾ ਅਰਥ ਹੈ ਜਨਤਾ ਵੱਲੋਂ ਜਨਤਾ ਦੇ ਲਈ ਸ਼ਾਸਨ ।ਉਹਨਾਂ ਕਿਹਾ ਕਿ ਸੱਤ ਦਹਾਕੇ ਪਹਿਲਾ 26 ਜਨਵਰੀ 1950 ਨੂੰ ਸਾਡਾ ਸੰਵਿਧਾਨ ਲਾਗੂ ਹੋਇਆ ਸੀ , ਅਤੇ ਸਾਡੇ ਭਾਰਤ ਨੂੰ ਗਣਤੰਤਰ ਦੇਸ਼ ਦੇ ਰੂਪ ਵਿੱਚ ਐਲਾਨਿਆ ਗਿਆ ਸੀ । ਉਸ ਸਬੰਧ ਵਿੱਚ ਗਣਤੰਤਰ ਦਿਵਸ਼ ਨੂੰ ਬੜੇ ਉਤਸਾਹ ਅਤੇ ਉਮੰਗ ਨਾਲ 26 ਜਨਵਰੀ ਨੂੰ ਮਨਾਇਆ ਜਾਂਦਾ ਹੈ । ਇਸ ਸਮੇਂ ਸਕੂਲ ਪ੍ਰਿੰਸੀਪਲ ਤੋਂ ਇਲਾਵਾ ਸਰਿਤਾ ਪੀ ਟੀ ਟੀਚਰ,ਕੁਲਜੀਤ ਐਸ ਸੀ ਆਈ , ਪੂਜਾ ਸਰਮਾ ਸਟਾਫ ਨਰਸ਼,ਚੈਨ ਸਿੰਘ ਸੰਗੀਤ ਟੀਚਰ , ਰਾਜੇਸ਼ ਕੁਮਾਰ ਡਰਾਇੰਗ ਟੀਚਰ,ਵਿਨੇ ਸਿੰਘ ਗਣਿਤ ਟੀਚਰ,ਯੋਧ ਸਿੰਘ ਪੀ ਟੀ ਟੀਚਰ, ਆਕਾਂਕਸ਼ਾ ਇੰਗਲਿਸ਼ ਟੀਚਰ , ਮੋਨਿਕਾ ਐਸ ਐਸ ਟੀ,ਮੌਸਮੀ ਹਿੰਦੀ ਟੀਚਰ,ਲਕਸਮੀ ਹਿੰਦੀ ਟੀਚਰ,ਜੀ ਰਾਮਬਾਬੂ ਲਾਇਬ੍ਰੇਰੀਅਨ ਆਦਿ ਵੱਲੋਂ ਵੀ ਗਣਤੰਤਰ ਦਿਵਸ਼ ਸਬੰਧੀ ਬੱਚਿਆਂ ਨੂੰ ਜਾਣਕਾਰੀ ਦਿੱਤੀ ।ਇਸ ਸਮੇਂ ਵੱਖ ਵੱਖ ਜਮਾਤਾਂ ਦੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ ਅਤੇ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ । ਅਖੀਰ ਵਿੱਚ ਗਣਤੰਤਰ ਦਿਵਸ਼ ਵਿੱਚ ਬਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ।

# ਪੁਲਿਸ ਤੇ ਗੈਂਗਸਟਰਾਂ ਵਿਚਾਲੇ ਮੁਕਾਬਲਾ: ਇੱਕ ਦੀ ਲੱਤ 'ਚ ਲੱਗੀ ਗੋਲੀ, ਦੂਜਾ ਫਰਾਰ

**ਲੁਧਿਆਣਾ/ਰਾਜੂ ਵਾਲੀਆ**

ਲੁਧਿਆਣਾ ਦੇ ਜਗਰਾਓਂ 'ਚ ਪੁਲਿਸ ਅਤੇ ਗੈਂਗਸਟਰਾਂ ਵਿਚਾਲੇ ਮੁਕਾਬਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਗੈਂਗਸਟਰ ਕਰਿਆਨਾ ਵਪਾਰੀ ਤੋਂ ਫਿਰੌਤੀ ਦੀ ਰਕਮ ਵਸੂਲਣ ਆਏ ਸਨ। ਜਿਸ ਦੌਰਾਨ ਪੁਲਿਸ ਤੇ ਗੈਂਗਸਟਰਾਂ ਵਿਚ ਹੋਏ ਆਪਸੀ ਮੁਕਾਬਲੇ 'ਚ ਇਕ ਗੈਂਗਸਟਰ ਦੀ ਲੱਤ 'ਚ ਗੋਲੀ ਲੱਗੀ ਗਈ , ਜਿਸ ਨੂੰ ਪੁਲਿਸ ਨੇ ਕਾਬੂ ਕਰ ਲਿਆ ਜਦਕਿ ਦੂਜਾ ਬਾਈਕ ਸਵਾਰ ਹੋ ਕੇ ਫਰਾਰ ਹੋਣ 'ਚ ਕਾਮਯਾਬ ਹੋ ਗਿਆ।

ਗੈਂਗਸਟਰ ਅੱਤਵਾਦੀ ਅਰਸ਼ ਡੱਲਾ ਦਾ ਸਾਥੀ ਦੱਸਿਆ ਜਾ ਰਿਹਾ ਹੈ। ਉਸ ਨੇ ਕਾਰੋਬਾਰੀ ਤੋਂ 30 ਲੱਖ ਦੀ ਫਿਰੌਤੀ ਦੀ ਮੰਗ ਕੀਤੀ ਸੀ। ਪਰ 1.50 ਲੱਖ 'ਚ ਸੌਦਾ ਤੈਅ ਹੋਇਆ ਸੀ। ਜ਼ਖਮੀ ਗੈਂਗਸਟਰ ਦੀ ਪਛਾਣ ਫਿਰੋਜ਼ਪੁਰ ਦੇ ਪਿੰਡ ਫੇਰੂਕੇ ਨਿਵਾਸੀ ਜਗਤਾਰ ਸਿੰਘ ਵਜੋਂ ਹੋਈ ਹੈ। ਉਸ ਦਾ ਸਿਵਲ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਫਿਲਹਾਲ ਇਸ ਮਾਮਲੇ ਨੂੰ ਲੈ ਕੇ ਕੋਈ ਅਧਿਕਾਰਤ ਬਿਆਨ ਸਾਹਮਣੇ ਨਹੀਂ ਆਇਆ ਹੈ। ਫਿਰੌਤੀ ਦੀ ਧਮਕੀ ਤੋਂ ਘਬਰਾ ਕੇ ਵਪਾਰੀ ਕਈ ਦਿਨਾਂ ਤੋਂ ਆਪਣੀ ਦੁਕਾਨ 'ਤੇ ਵੀ ਨਹੀਂ ਜਾ ਰਿਹਾ ਸੀ।

ਗੈਂਗਸਟਰ ਦੇ ਫਰਾਰ ਹੋਣ ਤੋਂ ਤੁਰੰਤ ਬਾਅਦ ਦਿਹਾਤੀ ਪੁਲਿਸ ਨੇ ਪੂਰੇ ਇਲਾਕੇ ਦੀ ਨਾਕਾਬੰਦੀ ਕਰ ਦਿੱਤੀ। ਕਈ ਥਾਣਿਆਂ ਦੀ ਪੁਲੀਸ ਨੇ ਦੇਰ ਰਾਤ ਤੱਕ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ। ਫਿਲਹਾਲ ਦੂਜੇ ਦੋਸ਼ੀ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਿਛਲੇ ਕੁਝ ਦਿਨਾਂ 'ਚ ਵੀ ਇਨ੍ਹਾਂ ਦੋਵਾਂ ਗੈਂਗਸਟਰਾਂ ਨੇ ਕੁਝ ਹੋਰ ਵਾਰਦਾਤਾਂ ਨੂੰ ਵੀ ਅੰਜਾਮ ਦਿੱਤਾ ਹੈ, ਜਿਸ ਦਾ ਪੁਲਸ ਜਲਦ ਹੀ ਪਰਦਾਫਾਸ਼ ਕਰੇਗੀ। ਦੱਸ ਦੇਈਏ ਕਿ ਮਨਪ੍ਰੀਤ ਸਿੰਘ ਫਿਲੀਪੀਨਜ਼ ਵਿੱਚ ਬੈਠੇ ਅੱਤਵਾਦੀ ਅਰਸ਼ ਡੱਲਾ ਦੀ ਤਰਫੋਂ ਫੋਨ ਕਰ ਰਿਹਾ ਹੈ। ਨਾਲ ਹੀ, ਉਹ ਫਿਰੌਤੀ ਦੀ ਮੰਗ ਕਰਨ ਸਮੇਂ ਅਰਸ਼ ਡੱਲਾ ਨੂੰ ਫੋਨ ਕਰਦਾ ਹੈ। 12 ਜਨਵਰੀ ਨੂੰ ਅਰਸ਼ ਡੱਲਾ ਨੇ ਜਗਰਾਓਂ ਦੇ ਫਰਨੀਚਰ ਡੀਲਰ ਨੂੰ ਫੋਨ ਕਰਕੇ 30 ਲੱਖ ਰੁਪਏ ਦੀ ਫਿਰੌਤੀ ਮੰਗੀ। ਜਿਸ ਤੋਂ ਬਾਅਦ ਪੁਲਿਸ ਨੇ ਕਾਰੋਬਾਰੀ ਨੂੰ ਸੁਰੱਖਿਆ ਦਿੱਤੀ ਸੀ। ਅੱਤਵਾਦੀ ਅਰਸ਼ ਡੱਲਾ ਪੰਜਾਬ ਪੁਲਿਸ ਦਾ ਮੋਸਟ ਵਾਂਟੇਡ ਹੈ। ਮੋਗਾ ਦਾ ਰਹਿਣ ਵਾਲਾ ਅਰਸ਼ ਪੰਜਾਬ ਅਤੇ ਵਿਦੇਸ਼ਾਂ ਵਿੱਚ ਕਈ ਅਪਰਾਧਿਕ ਵਾਰਦਾਤਾਂ ਵਿੱਚ ਵੀ ਸ਼ਾਮਲ ਹੈ। ਪੁਲਿਸ ਦਾ ਦਾਅਵਾ ਹੈ ਕਿ ਅਰਸ਼ ਪੰਜਾਬ ਵਿੱਚ ਕਈ ਕਤਲਾਂ ਵਿੱਚ ਸ਼ਾਮਲ ਹੈ। ਉਹ ਪਾਕਿਸਤਾਨ ਤੋਂ ਆਰਡੀਐਕਸ, ਆਈਈਡੀ ਅਤੇ ਏਕੇ-47 ਲਿਆ ਕੇ ਪੰਜਾਬ ਵਿੱਚ ਸਪਲਾਈ ਕਰ ਰਿਹਾ ਹੈ। ਉਸ ਦੇ ਖਿਲਾਫ ਮਈ 2022 ਵਿੱਚ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ। ਕਰੀਬ 5 ਮਹੀਨੇ ਪਹਿਲਾਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਸੀ ਕਿ ਗੈਂਗਸਟਰ ਅਰਸ਼ ਡਲਾ ਨੂੰ ਕੈਨੇਡਾ ਤੋਂ ਭਾਰਤ ਲਿਆਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਅਜੇ ਕੁੱਝ ਦਿਨ ਪਹਿਲਾਂ ਹੀ ਪਿੰਡ ਬਾਰਦੇਕੇ ਵਿਖੇ ਪਰਮਜੀਤ ਨਾਮ ਦੇ ਵਿਅਕਤੀ ਦੀ ਦੋ ਸ਼ਾਰਪ ਸ਼ੂਟਰਾਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਮੌਕੇ ਲਹਿਰਾਇਆ ਤਿਰੰਗਾ

## ਮਾਨ ਸਰਕਾਰ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਵਚਨਬੱਧ - ਕੈਬਨਿਟ ਮੰਤਰੀ ਸ. ਹਰਭਜਨ ਸਿੰਘ

## 27 ਜਨਵਰੀ ਨੂੰ ਜ਼ਿਲ੍ਹਾ ਗੁਰਦਾਸਪੁਰ ਦੀਆਂ ਸਮੂਹ ਵਿਦਿਅਕ ਸੰਸਥਾਵਾਂ ਵਿੱਚ ਛੁੱਟੀ ਦਾ ਐਲਾਨ

**ਗੁਰਦਾਸਪੁਰ/ਨਵਨੀਤ ਕੁਮਾਰ**

ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ, ਗੁਰਦਾਸਪੁਰ ਵਿਖੇ 74ਵੇਂ ਗਣਤੰਤਰ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਪੂਰੇ ਉਤਸ਼ਾਹ ਨਾਲ ਕਰਵਾਇਆ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਵੱਜੋਂ ਪਹੁੰਚੇ ਮਾਣਯੋਗ ਊਰਜਾ ਅਤੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਨੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਕੈਬਨਿਟ ਮੰਤਰੀ ਪੰਜਾਬ ਸ. ਹਰਭਜਨ ਸਿੰਘ ਨੇ ਜ਼ਿਲ੍ਹਾ ਪੱਧਰੀ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਦੇਸ਼ ਵਿਦੇਸ਼ ਵਿਚ ਵੱਸਦੇ ਸਾਰੇ ਭਾਰਤੀਆਂ ਖਾਸ ਤੌਰ 'ਤੇ ਪੰਜਾਬੀਆਂ ਨੂੰ ਗਣਤੰਤਰ ਦਿਹਾੜੇ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਮੈਂ ਇਸ ਪਵਿੱਤਰ ਦਿਹਾੜੇ ਮੌਕੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਵੱਡਮੁੱਲੇ ਯੋਗਦਾਨ ਨੂੰ ਸਿਜ਼ਦਾ ਕਰਦਾ ਹਾਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਿਚ ਸੂਬਾ ਸਿਹਤ, ਸਿੱਖਿਆ ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ, ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਸ਼ਹਿਣਸ਼ੀਲਤਾ ਨੀਤੀ ਤੋਂ ਇਲਾਵਾ ਆਰਥਿਕ ਪੱਖੋਂ ਮਜ਼ਬੂਤੀ ਦੀ ਦਿਸ਼ਾ ਵੱਲ ਅੱਗੇ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਦੇ ਲੋਕਾਂ ਨੂੰ ਘਰਾਂ ਦੇ ਨੇੜੇ ਬਿਹਤਰ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ 100 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਗਏ ਹਨ ਅਤੇ ਭਲਕੇ 27 ਜਨਵਰੀ ਨੂੰ ਰਾਜ ਅੰਦਰ 500 ਹੋਰ ਆਮ ਆਦਮੀ ਕਲੀਨਿਕ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚੋਂ 33 ਆਮ ਆਦਮੀ ਕਲੀਨਿਕ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੀ ਸ਼ੁਰੂ ਹੋਣਗੇ।ਕੈਬਨਿਟ ਮੰਤਰੀ ਸ. ਹਰਭਜਨ ਸੰਘ ਨੇ ਕਿਹਾ ਕਿ ਪੰਜਾਬ ਦੇ ਰੌਸ਼ਨ ਭਵਿੱਖ ਲਈ ਅਸੀਂ ਬੱਚਿਆਂ ਨੂੰ ਕੌਮਾਂਤਰੀ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹਾਂ, ਜਿਸ ਤਹਿਤ ਰਾਜ ਸਰਕਾਰ ਵੱਲੋਂ ਸੂਬੇ ਅੰਦਰ 100 ਸਕੂਲ ਆਫ ਐਮੀਨੈਂਸ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਉਚੇਰੀ ਸਿੱਖਿਆ ਸੰਸਥਾਵਾਂ ਵਿਚ 58 ਕਰੋੜ ਦੀ ਲਾਗਤ ਨਾਲ ਇੰਟਰਨੈਟ ਅਤੇ ਵਾਈ ਫਾਈ ਸਹੂਲਤਾਂ






ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਜ਼ਿਲ੍ਹਾ ਲਾਇਬ੍ਰੇਰੀਆਂ ਵਿਚ 30 ਕਰੋੜ ਦੇ ਬਜਟ ਨਾਲ ਬੁਨਿਆਦੀ ਸਹੂਲਤਾਂ ਦੀ ਵਿਵਸਥਾ ਵੀ ਕੀਤੀ ਗਈ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਨੇ ਹੁਣ ਤੱਕ ਸੂਬੇ ਦੇ ਕਰੀਬ 26 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਤੋਂ ਇਲਾਵਾ ਲਗਭਗ 9 ਹਜ਼ਾਰ ਮੁਲਾਜ਼ਮਾਂ ਨੂੰ ਪੱਕਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਲਾਕ ਤੋਂ ਸੂਬਾ ਪੱਧਰ ਤੱਕ ਹੋਈਆਂ ਖੇਡਾਂ ਵਤਨ ਪੰਜਾਬ ਦੀਆਂ-2022 'ਚ ਕਰੀਬ 3 ਲੱਖ ਖਿਡਾਰੀਆਂ ਨੇ ਹਿੱਸਾ ਲਿਆ ਅਤੇ 9961 ਜੇਤੂ ਖਿਡਾਰੀਆਂ ਨੂੰ 6.85 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਮੁਹੱਈਆ ਕਰਵਾਈ ਗਈ। ਕੈਬਨਿਟ ਮੰਤਰੀ ਸ. ਹਰਭਜਨ ਸੰਘ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 335 ਕਿਲੋਮੀਟਰ ਪੇਂਡੂ ਸੜਕਾਂ ਨੂੰ 221 ਕਰੋੜ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਗਿਆ ਹੈ ਅਤੇ 1047 ਕਰੋੜ ਰੁਪਏ ਦੀ ਲਾਗਤ ਨਾਲ 1464 ਕਿਲੋਮੀਟਰ 'ਤੇ ਕੰਮ ਪ੍ਰਗਤੀ ਅਧੀਨ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਨੂੰ ਨਿੱਜੀ ਆਧਾਰ 'ਤੇ ਫਸਲਾਂ ਦੀ ਰਹਿੰਦ ਖੂੰਹਦ ਦੇ ਪ੍ਰਬੰਧਨ ਲਈ 1 ਲੱਖ 10 ਹਜ਼ਾਰ ਤੋਂ ਵੱਧ ਖੇਤੀ ਮਸ਼ੀਨਾਂ ਮੁਹੱਈਆ ਕਰਵਾ ਕੇ ਪੰਜਾਬ ਮੋਹਰੀ ਸੂਬਾ ਬਣਿਆ ਹੈ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼ ?ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਪਰਿਵਾਰਾਂ ਨੂੰ ਲੜਕੀ ਦੇ ਵਿਆਹ 'ਤੇ 51 ਹਜ਼ਾਰ ਰੁਪਏ ਦਾ ਸ਼ਗਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸੈਨੀਟੇਸ਼ਨ ਨੂੰ ਯਕੀਨੀ ਬਣਾਉਣ ਲਈ 40 ਕਰੋੜ ਰੁਪਏ ਦੀ ਲਾਗਤ ਦੇ 1894 ਕਮਿਊਨਿਟੀ ਸੈਨੇਟਰੀ ਕੰਪਲੈਕਸ ਦੇ ਕੰਮ ਸ਼ੁਰੂ ਕੀਤੇ ਗਏ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਸੂਬੇ ਦੇ ਲੋਕਾਂ ਨਾਲ ਜ਼ੀਰੋ ਬਿਜਲੀ ਬਿੱਲ ਦੇ ਵਾਅਦੇ ਨੂੰ ਪੂਰਾ ਕਰਦਿਆਂ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਹੈ ਅਤੇ ਹੁਣ ਸੂਬੇ ਦੇ 90 ਫ਼ੀਸਦੀ ਤੋਂ ਵੱਧ ਜ਼ੀਰੋ ਬਿਲ ਆ ਰਹੇ ਹਨ। ਉਨ੍ਹਾਂ ਕਿਹਾ ਪਾਵਰਕਾਮ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿੱਚ ਨਿਰਵਿਘਨ ਬਿਜਲੀ ਸਪਲਾਈ ਲਈ ਵਚਨਬੱਧ ਹੈ। ਪਾਵਰਕਾਮ ਵੱਲੋਂ ਰੀਵੈਂਪਡ ਡਿਸਟਰੀਬਿਊਸ਼ਨ ਸੈਕਟਰ ਸਕੀਮ (ਆਰ.ਡੀ.ਐੱਸ.ਐੱਸ.) ਤਹਿਤ ਜ਼ਿਲ੍ਹਾ ਗੁਰਦਾਸਪੁਰ ਲਈ 113 ਕਰੋੜ ਰੁਪਏ ਦੀ ਡਿਟੇਲਡ ਪ੍ਰੋਜੈਕਟ ਰੀਪੋਰਟ ਮਨਜ਼ੂਰ ਕੀਤੀ ਗਈ ਹੈ। ਇਸ ਸਕੀਮ ਤਹਿਤ ਜ਼ਿਲ੍ਹੇ ਵਿੱਚ ਨਵੇਂ ਬਿਜਲੀ ਫੀਡਰਾਂ ਦੀ ਉਸਾਰੀ ਕੀਤੀ ਜਾਵੇਗੀ, ਨਵੇਂ ਬਿਜਲੀ ਟਰਾਂਸਫਾਰਮ ਲਗਾਏ ਜਾਣਗੇ ਅਤੇ ਪੁਰਾਣੇ ਟਰਾਂਸ਼ਫਾਰਮ ਦੀ ਕਪੈਸਟੀ ਵਧਾਈ ਜਾਵੇਗੀ। ਇਸ ਸਕੀਮ ਤਹਿਤ ਕੰਮ ਹੋਣ ਨਾਲ ਬਿਜਲੀ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਵਚਨਬੱਧ ਹੈ। ਇਸ ਤੋਂ ਬਾਅਦ ਪਰੇਡ ਕਮਾਂਡਰ ਡੀ.ਐਸ.ਪੀ. ਸ. ਗੁਰਵਿੰਦਰ ਸਿੰਘ ਚੰਦੀ ਦੀ ਅਗਵਾਈ ਹੇਠ ਪੰਜਾਬ ਪੁਲਿਸ, ਪੰਜਾਬ ਮਹਿਲਾ ਪੁਲਿਸ, ਪੰਜਾਬ ਹੋਮਗਾਰਡ, ਐੱਨ.ਸੀ.ਸੀ. ਕੈਡਿਟਸ ਅਤੇ ਪੰਜਾਬ ਪੁਲਿਸ ਦੇ ਬੈਂਡ ਦੀਆਂ ਵੱਖ-ਵੱਖ ਟੁਕੜੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ ਅਤੇ ਕੌਮੀ ਝੰਡੇ ਤਿਰੰਗੇ ਨੂੰ ਸਲਾਮੀ ਦਿੱਤੀ ਗਈ। ਇਸ ਤੋਂ ਬਾਅਦ ਬੀ.ਐੱਸ.ਐੱਫ ਵੱਲੋਂ ਵਿਸ਼ੇਸ਼ ਝਾਕੀ ਰਾਹੀਂ ਸਰਹੱਦਾਂ 'ਤੇ ਦੇਸ਼ ਦੀ ਸੁਰੱਖਿਆ ਲਈ ਵਰਤੇ ਜਾ ਰਹੇ ਅਤਿ-ਆਧੁਨਿਕ ਹਥਿਆਰ ਪ੍ਰਦਰਸ਼ਿਤ ਕੀਤੇ ਗਏ। ਬੀ.ਐੱਸ.ਐੱਫ ਦੇ ਜਵਾਨਾਂ ਨੂੰ ਇਸ ਝਾਕੀ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਉਪਰੰਤ ਪਾਵਰਕਾਮ, ਪੰਚਾਇਤ ਵਿਭਾਗ, ਰੋਜ਼ਗਾਰ ਵਿਭਾਗ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ. ਖੇਤੀਬਾੜੀ ਵਿਭਾਗ, ਬਾਗਬਾਨੀ ਵਿਭਾਗ, ਮਿਲਕਫੈਡ, ਮੱਛੀ ਪਾਲਣ, ਪੁਲਿਸ ਵਿਭਾਗ ਅਤੇ ਵਿਰਸਾ ਗੁਰਦਾਸਪੁਰ ਦੀਆਂ ਝਾਕੀਆਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਨੂੰ ਬਾਖੂਬੀ ਦਰਸਾਇਆ ਗਿਆ। ਮੱਛੀ ਪਾਲਣ ਵਿਭਾਗ ਦੀ ਝਾਕੀ ਨੂੰ ਬੈਸਟ ਝਾਕੀ ਐਲਾਨਿਆ ਗਿਆ। ਉਪਰੰਤ ਵੱਖ-ਵੱਖ ਸਿੱਖਿਆ ਸੰਸਥਾਵਾਂ ਵੱਲੋਂ ਸ਼ਬਦ ਗਾਇਨ, ਮਾਸ ਪੀ.ਟੀ. ਸ਼ੋਅ, ਦੇਸ਼ ਭਗਤੀ ਨਾਲ ਲਬਰੇਜ਼ ਸੱਭਿਆਚਾਰਕ ਪ੍ਰੋਗਰਾਮ, ਗਿੱਧਾ ਅਤੇ ਭੰਗੜਾ ਪੇਸ਼ ਕੀਤੇ ਗਏ। ਸੱਭਿਾਚਾਰਕ ਪ੍ਰੋਗਰਾਮ ਵਿੱਚ ਪਹਿਲਾ ਸਥਾਨ ਸਰਕਾਰੀ ਹਾਈ ਸਕੂਲ ਹਯਾਤਨਗਰ ਨੂੰ, ਦੂਸਰਾ ਸਥਾਨ ਸੇਂਟ ਕਬੀਰ ਸੀਨੀਅਰ ਸਕੈਂਡਰੀ ਸਕੂਲ ਸੁਲਤਾਨਪੁਰ, ਗੁਰਦਾਸਪੁਰ ਅਤੇ ਤੀਸਰਾ ਸਥਾਨ ਸਰਕਾਰੀ ਸਕੂਲਾਂ ਦੀ ਗਿੱਧੇ ਦੀ ਟੀਮ ਨੇ ਹਾਸਲ ਕੀਤਾ। ਮੁੱਖ ਮਹਿਮਾਨ ਵੱਲੋਂ ਵੱਖ-ਵੱਖ ਟੁਕੜੀਆਂ ਦੀ ਅਗਵਾਈ ਕਰ ਰਹੇ ਪਲਟੂਨ ਕਮਾਂਡਰਾਂ ਸਮੇਤ ਪਰੇਡ ਦੀ ਅਗਵਾਈ ਕਰ ਰਹੇ ਡੀ.ਐਸ.ਪੀ. ਸ. ਗੁਰਵਿੰਦਰ ਸਿੰਘ ਸਮੇਤ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸਖ਼ਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਵੱਲੋਂ ਸ਼ਹੀਦੀ ਗੈਲਰੀ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਉਪਰੰਤ ਵੀਰ ਨਾਰੀਆਂ, ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਲੋੜਵੰਦ ਔਰਤਾਂ ਨੂੰ ਸਿਲਾਈ ਮਸ਼ੀਨਾਂ ਤੇ ਦਿਵਿਆਂਗਜਨਾਂ ਨੂੰ ਟਰਾਈਸਾਇਕਲਾਂ ਦੀ ਵੰਡ ਕੀਤੀ ਗਈ। ਗਣਤੰਤਰ ਦਿਵਸ ਸਮਾਗਮ ਦੀ ਸਮਾਪਤੀ ਕੌਮੀ ਗੀਤ ਨਾਲ ਹੋਈ। ਮੁੱਖ ਮਹਿਮਾਨ ਜੀ ਵੱਲੋਂ ਗਣਤੰਤਰ ਦਿਹਾੜੇ ਦੀ ਖੁਸ਼ੀ ਵਿਚ ਜ਼ਿਲ੍ਹਾ ਗੁਰਦਾਸਪੁਰ ਦੀਆਂ ਸਮੂਹ ਵਿਦਿਅਕ ਸੰਸਥਾਵਾਂ ਵਿਚ 27 ਜਨਵਰੀ ਦੀ ਛੁੱਟੀ ਦਾ ਐਲਾਨ ਕੀਤਾ ਗਿਆ। ਇਸ ਮੌਕੇ ਬਟਾਲਾ ਤੋਂ ਵਿਧਾਇਕ ਸ੍ਰੀ ਅਮਨ ਸ਼ੇਰ ਸਿੰਘ ਕਲਸੀ, ਜ਼ਿਲ੍ਹਾ ਅਤੇ ਸੈਸ਼ਨ ਜੱਜ ਗੁਰਦਾਸਪੁਰ ਸ੍ਰੀ ਰਜਿੰਦਰ ਅਗਰਵਾਲ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਦੀਪਕ ਹਿਲੋਰੀ, ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਦੀ ਧਰਮ ਪਤਨੀ ਸ੍ਰੀਮਤੀ ਸੁਹਿੰਦਰ ਕੌਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ, ਉੱਘੇ ਜਨਤਕ ਆਗੂ ਸ਼ਮਸ਼ੇਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਵਾਸੀ ਹਾਜ਼ਰ ਸਨ।

# ਗਣਤੰਤਰ ਦਿਵਸ ਰਾਸ਼ਟਰੀ ਝੰਡਾ ਲਹਿਰਾਉਣ ਤੇ ਸ਼ਹਿਰੀਆਂ, ਸਮਾਜ ਸੇਵੀ, ਧਾਰਮਿਕ ਹਸਤੀਆਂ ਸਹਿਯੋਗ ਦੀ ਕੀਤੀ ਅਪੀਲ : ਪ੍ਰਧਾਨ ਸਚਿਨ ਦੀਵਾਨ

**ਨਵਾਂਸ਼ਹਿਰ/ਰਾਜ ਕੁਮਾਰ**

ਸ਼ਹਿਰ ਨੂੰ ਸੁੰਦਰ ਬਣਾਉਣ ਲਈ ਸਮਾਜ ਸੇਵੀਆਂ , ਧਾਰਮਿਕ ਹਸਤੀਆਂ ਅਤੇ ਸ਼ਹਿਰੀਆਂ ਨੂੰ ਨਗਰ ਕੌਂਸਲ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਚਿਨ ਦੀਵਾਨ ਪ੍ਰਧਾਨ ਨੇ ਨਗਰ ਕੌਂਸਲ ਨਵਾਂਸ਼ਹਿਰ ਦੇ ਵਿਖੇ ਦੇਸ ਦੇ 74ਵੇਂ ਗਣਤੰਤਰ ਦਿਹਾੜੇ ਸਭ ਨੂੰ ਮੁਬਾਰਕਾਂ ਦਿੰਦਿਆਂ ਕੌਮੀ ਝੰਡਾ ਲਹਿਰਾਉਣ ਸਮੇਂ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ



ਆਪਣੇ ਪੌਣੇ ਦੋ ਸਾਲਾਂ ਦੇ ਵਿਕਾਸ ਕਾਰਗੁਜ਼ਾਰੀ ਇਸ ਦੀਆਂ ਲੋਕ ਪੱਖੀ ਨੀਤੀਆਂ ਦੀ ਜਾਣਕਾਰੀ ਤੋਂ ਜਾਣੂ ਕਰਵਾਇਆ ਗਿਆ। ਨਗਰ ਕੌਂਸਲ ਚੋਣਾਂ ਵਿੱਚ ਜਿਹੜੀਆਂ ਪਾਰਕਾਂ ਲੋਕਾਂ ਨਾਲ ? ਵਾਇਦੇ ਕੀਤੇ ਸਨ ਉਨ੍ਹਾਂ ਨੂੰ ਜਲਦੀ ਮੁਕੰਮਲ ਕਰਕੇ ਲੋਕਾਂ ਹਵਾਲੇ ਕੀਤੀਆਂ ਜਾਣਗੀਆਂ ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬੀ ਆਰ ਅੰਬੇਦਕਰ ਜੀ ਵੱਲੋਂ ਹਰ ਇੱਕ ਵਰਗ ਦੀ ਭਲਾਈ ਲਈ ਸੰਵਿਧਾਨ ਲਿਖੇ ਕੇ ਦੇਸ਼ ਦੀ ਕੈਬਨਿਟ ਨੂੰ ਸੌਂਪਿਆ ਗਿਆ। ਮੇਰੇ ਅਤੇ ਮੇਰੇ ਨਗਰ ਕੌਂਸਲਰਾਂ ਵੱਲੋਂ ਗਣਤੰਤਰ ਦਿਵਸ ਅਤੇ ਸੰਵਿਧਾਨ ਦਿਵਸ ਦੀਆਂ ਸਭ ਨੂੰ ਮੁਬਾਰਕਾ ਹੋਣ। ਪ੍ਰਧਾਨ ਦੀਵਾਨ ਨੇ ਕਿਹਾ ਕਿ ਸਫ਼ਾਈ ਅਭਿਆਨ ਵਿਚ ਦੇਸ਼ ਵਿਚੋਂ ਪਹਿਲੇ ਨੰਬਰ ਤੇ ਆਉਣਾ ਨਵਾਂਸ਼ਹਿਰ ਲਈ ਮਾਣ ਵਾਲੀ ਗੱਲ ਹੈ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜ੍ਹਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਰੋਹ ਦੌਰਾਨ ਵੱਖ-ਵੱਖ ਸਖਸ਼ੀਅਤਾਂ ਨੂੰ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਕੀਤਾ ਗਿਆ ਸਨਮਾਨਿਤ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਥਾਨਕ ਆਈ ਟੀ ਆਈ ਗਰਾਊਂਡ ਵਿਖੇ ਮਨਾਏ ਗਏ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਟ ?ਰਾਂਸਪੋਰਟ, ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਮੰਤਰੀ, ਪੰਜਾਬ, ਲਾਲਜੀਤ ਸਿੰਘ ਭੁੱਲਰ ਵੱਲੋਂ ਵੱਖ-ਵੱਖ ਸਖਸ਼ੀਅਤਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਇਨ੍ਹਾਂ ਸਖਸ਼ੀਅਤਾਂ ’ਚ ਪਰੇਡ ਕਮਾਂਡਰ ਡੀ ਐਸ ਪੀ (ਜਾਂਚ) ਹਰਸ਼ਪ੍ਰੀਤ ਸਿੰਘ, ਮਨੀਸ਼ਾ ਜਾਂਗੜਾ ਪੁੱਤਰੀ ਸ੍ਰੀ ਰਾਕੇਸ਼ ਕੁਮਾਰ,ਵਾਸੀ ਨਵਾਂਸ਼ਹਿਰ ਬੈਡਮਿੰਟਨ ’ਚ ਪ੍ਰਾਪਤੀਆਂ ਲਈ, ਪੰਕਜ ਪੂਰਨ ਸ਼ਰਮਾ, ਬਾਲ ਵਿਕਾਸ ਪ੍ਰੋਜੈਕਟ ਅਫਸਰ, ਬਲਾਚੌਰ, ਸ੍ਰੀਮਤੀ ਹਰਕਮਲਜੀਤ ਕੌਰ, ਸੁਪਰਵਾਈਜ਼ਰ ਬੰਗਾ, ਸ੍ਰੀਮਤੀ ਸਮਰਿਤੀ, ਆਂਗਣਵਾੜੀ ਵਰਕਰ, ਨਵਾਂਸ਼ਹਿਰ ਨੂੰ ਵਧੀਆ ਕਾਰਗੁਜ਼ਾਰੀ ਲਈ ਸਨਮਾਨਿਆ ਗਿਆ।ਇਸ ਤੋਂ ਇਲਾਵਾ ਮਿਨਾਕਸ਼ੀ ਪੁੱਤਰੀ ਜਸਪਾਲ, ਸ.ਪ.ਸ. ਕੰਗਨਾ ਬੇਟ, ਨੂੰ ਗਾਇਨ ਮੁਕਾਬਲੇ ਵਿੱਚ ਸੂਬਾ ਪੱਧਰੀ ਪ੍ਰਾਪਤੀ ਸਬੰਧੀ, ਜਸਕਰਨ ਪੁੱਤਰ ਰਾਜੇਸ਼ ਕੁਮਾਰ, ਸ.ਪ.ਸ. ਟਕਾਰਲਾ, ਪੇਟਿੰਗ ਮੁਕਾਬਲੇ ਵਿੱਚ ਸੂਬਾਈ ਪ੍ਰਾਪਤੀ ਸਬੰਧੀ, ਸੰਜਨਾ ਪੁੱਤਰੀ ਮਹੇਸ਼, ਸ.ਪ.ਸ. ਮੁਕੰਦਪੁਰ ਨੂੰ ਕੋਲਾਜ ਮੇਕਿੰਗ ਮੁਕਾਬਲੇ ਵਿੱਚ ਸੂਬਾਈ ਪ੍ਰਾਪਤੀ ਸਬੰਧੀ, ਜਾਨਸੀ ਪੁੱਤਰੀ ਜਸਪਾਲ, ਸ.ਪ.ਸ. ਖਾਨਖਾਨਾ, ਨੂੰ ਸਲੋਗਨ ਮੁਕਾਬਲੇ ਵਿੱਚ ਸੂਬਾਈ ਪ੍ਰਾਪਤੀ ਸਬੰਧੀ, ਜਿਗਰ ਪੁੱਤਰ ਮਾਘੋਲੂ ਸ.ਪ.ਸ. ਮਾਹਿਲ ਗਹਿਲਾਂ, ਨੂੰ ਖੇਡਾਂ ਵਿੱਚ ਪ੍ਰਾਪਤੀ ਸਬੰਧੀ,ਇਨਾਕਸ਼ੀ ਪੁੱਤਰੀ ਅਮਰੀਕ ਕੁਮਾਰ, ਸ.ਪ.ਸ. ਸੜੋਆ, ਨੂੰ ਖੇਡਾਂ ਵਿੱਚ ਪ੍ਰਾਪਤੀ ਸਬੰਧੀ,ਅੰਮਿ ?ਰਤ ਸਿੰਘ ਪੁਆਰ ਪੁੱਤਰ ਗੁਰਦੇਵ ਸਿੰਘ, ਸ.ਪ.ਸ. ਔੜ, ਨੂੰ ਖੇਡਾਂ ਵਿੱਚ ਪ੍ਰਾਪਤੀ ਸਬੰਧੀ ਸਨਮਾਨਿਆ ਗਿਆ।ਨੀਲ ਕਮਲ ਈ.ਟੀ.ਟੀ. ਟੀਚਰ, ਸਪਸ ਭੰਗਲ ਕਲਾਂ, ਨਵਾਂਸ਼ਹਿਰ, ਰੀਨਾ ਰਾਣਾ, ਡਾਟਾ ਐਂਟਰੀ ਅਪਰੇਟਰ ਕਮ ਆਫਿਸ ਅਸਿਸਟੈਂਟ, ਜ਼ਿਲ੍ਹਾ ਸਿਖਿਆ ਦਫ਼ਤਰ (ਐ.ਸਿ.) ਨੂੰ ਵਧੀਆ ਕਾਰਗੁਜ਼ਾਰੀ ਸਬੰਧੀ, ਰੋਹਿਤ ਚੋਪੜਾ



ਪੁੱਤਰ ਤੇਜ਼ ਪਾਲ ਚੋਪੜਾ, ਰਾਹੋਂ, ਨੂੰ ਵਿਦਿਅਕ ਪ੍ਰਾਪਤੀਆਂ ਲਈ, ਜਸਬੀਰ ਸਿੰਘ ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਸ਼ਹੀਦ ਭਗਤ ਸਿੰਘ ਨਗਰ, ਰਣਜੀਤ ਸਿੰਘ ਕਲਰਕ, ਦਫ਼ਤਰ ਰੋਡਵੇਜ਼, ਡਾ. ਜ਼ਸਦੇਵ ਸਿੰਘ, ਸਹਾਇਕ ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ, ਡਾ. ਰਾਕੇਸ਼ ਚੰਦਰ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ, ਸ਼ਹੀਦ ਭਗਤ ਸਿੰਘ ਨਗਰ, ਤਰੁਨਦੀਪ ਦੁੱਗਲ, ਸੀਨੀਅਰ ਸਹਾਇਕ, ਦਫ਼ਤਰ ਸਿਵਲ ਸਰਜਨ, ਸ੍ਰੀਮਤੀ ਜਗਜੀਤ ਕੌਰ ਮ.ਪ.ਹ.ਵ.(ਫੀਮੇਲ), ਵਿਕਾਸ ਵਿਰਦੀ ਬੀ.ਈ.ਈ., ਡਾ. ਪਰਮਜੀਤ ਸਿੰਘ, ਬਾਗਬਾਨੀ ਵਿਕਾਸ ਅਫਸਰ,ਬਲਾਕ ਬੰਗਾ, ਡਾ. ਪਰਮਜੀਤ ਸਿੰਘ ਪੁੱਤਰ ਲਾਲ ਚੰਦ ਪਿੰਡ ਝੰਡੇਰ ਖੁਰਦ, ਨੂੰ ਵਧੀਆ ਕਾਰਗੁਜ਼ਾਰੀ ਲਈ ਸਨਮਾਨਿਆ ਗਿਆ।ਅਥਲੈਟਿਕਸ ਕੋਚ ਮਲਕੀਤ ਸਿੰਘ ਪੁੱਤਰ ਤਰਸੇਮ ਸਿੰਘ ਨੂੰ ਬੈਸਟ ਕੋਚਿੰਗ ਸਬੰਧੀ, ਜਗਦੀਸ਼ ਰਾਮ ਪੁੱਤਰ ਜਾਗਰ ਰਾਮ ਵਾਰਡ ਮਸੰਦਾ ਪੱਟੀ ਬੰਗਾ ਨੂੰ ਮਾਸਟਰ ਖੇਡਾਂ ਅਥਲੈਟਿਕਸ ’ਚ ਪ੍ਰਾਪਤੀਆਂ ਲਈ, ਗੁਰਲੀਨ ਕੌਰ ਪੁੱਤਰੀ ਕੁਲਦੀਪ ਸਿੰਘ ਵਾਸੀ ਗ੍ਰੀਨ ਐਵੀਨਿਊ ਬੰਗਾ ਨੂੰ ਪਾਵਰਲਿਫਟਿੰਗ ਵਿੱਚ ਸੂਬਾਈ ਪੱਧਰੀ ਪ੍ਰਾਪਤੀਆਂ, ਡਾ. ਸ਼ਮਸ਼ੇਰ ਸਿੰਘ ਸੀਨੀਅਰ ਵੈਟਨਰੀ ਅਫਸਰ, ਇੰਚਾਰਜ ਸਿਵਲ ਪਸ਼ੂ ਹਸਪਤਾਲ, ਬਲਾਚੌਰ ਨੂੰ ਲੰਪੀ ਸਕਿਨ ਦੀ ਰੋਕਥਾਮ ਸਬੰਧੀ ਨਿਭਾਈ ਗਈ ਡਿਊਟੀ ਸਬੰਧੀ, ਹਰਪ੍ਰੀਤ ਸਿੰਘ ਕਲਰਕ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਨਵਾਂਸ਼ਹਿਰ, ਸੁਨੀਤਾ ਰਾਣੀ ਜੀ.ਆਰ.ਐਸ. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਨਵਾਂਸ਼ਹਿਰ ਨੂੰ ਦਫ਼ਤਰੀ ਕੰਮ ਸਬੰਧੀ ਵਧੀਆ ਕਾਰਗੁਜ਼ਾਰੀ ਲਈ ਸਨਮਾਨਿਆ ਗਿਆ।ਯੁਵਕ ਸੇਵਾਵਾਂ ਕਲੱਬ, ਮਹਿਮੂਦਪੁਰ ਗਾਦੜੀਆਂ ਨੂੰ ਸਮਾਜ ਸੇਵਾ ਸਬੰਧੀ, ਬੇਵੀ ਪੁੱਤਰੀ ਪ੍ਰਸ਼ੋਤਮ ਲਾਲ, ਸ.ਹ.ਸ. ਗੁਣਾਚੌਰ ਨੂੰ ਵੇਟ ਲਿਫਟਿੰਗ ਪ੍ਰਾਪਤੀਆਂ ਸਬੰਧੀ, ਗੁਰਲੀਨ ਕੌਰ ਪੁੱਤਰੀ ਜਸਵੰਤ ਰਾਏ ਸ.ਕੰ.ਸ.ਸ.ਸ. ਹੇੜੀਆਂ ਨੂੰ ਵੀ ਵੇਟ ਲਿਫਟਿੰਗ ਪ੍ਰਾਪਤੀਆਂ ਸਬੰਧੀ, ਹਰਜੋਤ ਕੌਰ ਪੁੱਤਰੀ ਉਂਕਾਰ ਸਿੰਘ ਗੁਰੂ ਨਾਨਕ ਮਿਸ਼ਨ ਸੀ.ਸੈ.ਸਕੂਲ, ਢਾਹਾਂ ਕਲੇਰਾਂ ਨੂੰ ਵੀ ਵੇਟ ਲਿਫਟਿੰਗ ਪ੍ਰਾਪਤੀਆਂ ਸਬੰਧੀ, ਗੁਰਵਿੰਦਰ ਸਿੰਘ ਪੁੱਤਰ ਹਰਦੀਪ ਸਿੰਘ ਸ.ਸ.ਸ.ਸ. ਕਰਨਾਣਾ,ਨੂੰ ਵੀ ਵੇਟ ਲਿਫਟਿੰਗ ਪ੍ਰਾਪਤੀਆਂ ਸਬੰਧੀ,ਖੁਸ਼ਦੀਪ ਕੌਰ ਪੁੱਤਰੀ ਪਰਮਿੰਦਰ ਸਿੰਘ, ਆਦਰਸ਼ ਸ.ਸ.ਸ., ਖਟਕੜ ਕਲਾਂ ਨੂੰ ਵੀ ਵੇਟ ਲਿਫਟਿੰਗ ਪ੍ਰਾਪਤੀਆਂ ਸਬੰਧੀ, ਹੇਜਲ ਕੌਰ ਪੁੱਤਰ ਗੁਰਨਾਮ ਰਾਮ, ਸਤਲੁਜ ਪਬਲਿਕ ਸਕੂਲ ਬੰਗਾ ਨੂੰ ਵੀ ਵੇਟ ਲਿਫਟਿੰਗ ਪ੍ਰਾਪਤੀਆਂ ਸਬੰਧੀ, ਕਰਨ ਕੁਮਾਰ ਪੁੱਤਰ ਗੋਪਾਲ ਸ਼ਾਹ, ਖਾਲਸਾ ਸਕੂਲ ਬੰਗਾ ਨੂੰ ਵੀ ਵੇਟ ਲਿਫਟਿੰਗ ਪ੍ਰਾਪਤੀਆਂ ਸਬੰਧੀ, ਇੰਦਰਜੋਤ ਕੌਰ ਪੁੱਤਰ ਜ਼ਸਵਿੰਦਰ ਸਿੰਘ, ਖਾਲਸਾ ਸਕੂਲ ਬੰਗਾ ਨੂੰ ਵੀ ਵੇਟ ਲਿਫਟਿੰਗ ਪ੍ਰਾਪਤੀਆਂ ਸਬੰਧੀ ਸਨਮਾਨਿਆ ਗਿਆ।ਸ੍ਰੀ ਅਕਾਸ਼ ਪਿੰਡ ਤੇ ਡਾਕਖਾਨਾ ਭਾਨ ਮਜਾਰਾ, ਹਰਦਿਆਲ ਸਿੰਘ ਡਰਾਈਵਰ, ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਸ਼ਹੀਦ ਭਗਤ ਸਿੰਘ ਨਗਰ, ਬਿਕਰਮਜੀਤ ਸਿੰਘ, ਕਲਰਕ, ਦਫ਼ਤਰ ਉਪ-ਮੰਡਲ ਮੈਜਿਸਟਰੇਟ ਨਵਾਂਸ਼ਹਿਰ ਨੂੰ ਵਧੀਆ ਸੇਵਾਵਾਂ ਸਬੰਧੀ ਸਨਮਾਨਿਆ ਗਿਆ। ਫਾਇਰ ਬਿ ?ਰਗੇਡ ਦੇ ਹਰਜਿੰਦਰ ਸਿੰਘ ਡਰਾਈਵਰ, ਰਮਨ ਕੁਮਾਰ ਫਾਇਰਮੈਨ ਅਤੇ ਸ਼ਮਸ਼ੇਰ ਸਿੰਘ ਸਪੁੱਤਰ ਬਲਦੇਵ ਸਿੰਘ ਪਿੰਡ ਮਾਹੀਪੁਰ ਨੂੰ ਬਲਾਚੌਰ ਸੀਵਰੇਜ ਹਾਦਸੇ ਦੌਰਾਨ ਬਹਾਦਰੀ ਨਾਲ ਡਿਊਟੀ ਕਰਨ ਸਬੰਧੀ, ਕਾਂਸਟੇਬਲ ਹਰਪਿੰਦਰਜੀਤ ਸਿੰਘ, ਮਨਜੀਤ ਰਾਮ, ਸੀਨੀਅਰ ਸਹਾਇਕ, ਦਫ਼ਤਰ ਡਿਪਟੀ ਕਮਿਸ਼ਨਰ, ਰਾਮ ਪ੍ਰਕਾਸ਼, ਕਾਰਜ ਸਾਧਕ ਅਫਸਰ, ਨਵਾਂਸ਼ਹਿਰ, ਹਰਜਿੰਦਰ ਸਿੰਘ ਸੇਠੀ, ਮਿਊਂਸਪਲ ਇੰਜੀਨੀਅਰ, ਨਗਰ ਕੌਂਸਲ ਨਵਾਂਸ਼ਹਿਰ ਨੂੰ ਵਧੀਆ ਸੇਵਾਵਾਂ ਸਬੰਧੀ ਸਨਮਾਨਿਆ ਗਿਆ।ਮਨੋਜ ਕੰਡਾ, ਜ਼ਿਲ੍ਹਾ ਕਨਵੀਨਰ ਹਰਿਆਵਲ ਪੰਜਾਬ ਤੇ ਆਰਟ ਆਫ਼ ਲਿਵਿੰਗ, ਨਵਾਂਸ਼ਹਿਰ, ਸ੍ਰੀਮਤੀ ਦੀਪ ਮਾਲਾ, ਸੈਨੇਟਰੀ ਇੰਸਪੈਕਟਰ, ਨਗਰ ਕੌਂਸਲ ਨਵਾਂਸ਼ਹਿਰ,ਅਤਿੰਦਰ ਪਾਲ ਸਿੰਘ, ਸੀ ਐਫ ਸਵ ਭਾਰਤ ਮਿਸ਼ਨ ਅਰਬਨ, ਇੰਦਰਪਾਲ ਸਿੰਘ ਮੋਟੀਵੇਟਰ, ਸ਼ਾਲੂ ਭੁੱਚਰ, ਕਮਿਊਨਟੀ ਔਰਗਨਾਈਜਰ (ਸੈਲਫ਼ ਹੈਲਪ ਗਰੁੱਪ) ਨਗਰ ਕੌਂਸਲ ਨਵਾਂਸ਼ਹਿਰ, ਮਿਸ ਡੋਲੀ ਮੋਟੀਵੇਟਰ ਨਵਾਂਸ਼ਹਿਰ ਨੂੰ ਵਧੀਆ ਸੇਵਾਵਾਂ ਲਈ ਸਨਮਾਨਿਆ ਗਿਆ।ਇੰਸਪੈਕਟਰ ਸਤੀਸ਼ ਕੁਮਾਰ, ਮੁੱਖ ਅਫਸਰ ਥਾਣਾ ਸਿਟੀ ਨਵਾਂਸ਼ਹਿਰ, ਇੰਸਪੈਕਟਰ ਰਾਜੀਵ ਕੁਮਾਰ, ਮੁੱਖ ਅਫਸਰ ਥਾਣਾ ਸਦਰ ਬੰਗਾ, ਇਸਪੈਕਟਰ ਗੁਰਦਿਆਲ ਸਿੰਘ, ਮੁੱਖ ਅਫਸਰ ਥਾਣਾ ਬਹਿਰਾਮ, ਇੰਸਪੈਕਟਰ ਅਵਤਾਰ ਸਿੰਘ, ਇੰਚਾਰਜ ਸੀ.ਆਈ.ਏ. ਸਟਾਫ,ਇੰਸਪੈਕਟਰ ਰਘੁਬੀਰ ਸਿੰਘ, ਇੰਸਪੈਕਟਰ ਸੋਹਣ ਲਾਲ, ਐਸ.ਆਈ. ਮਹਿੰਦਰ ਮੁੱਖ ਅਫਸਰ ਥਾਣਾ ਸਿਟੀ ਬੰਗਾ, ਐਸ.ਆਈ. ਅਸ਼ੋਕ ਕੁਮਾਰ, ਏ.ਐਸ.ਆਈ.ਮਨਜੀਤ ਸਿੰਘ, ਏ.ਐਸ.ਆਈ. ਅਜੈ ਕੁਮਾਰ, ਏ.ਐਸ.ਆਈ. ਪ੍ਰਵੀਨ ਕੁਮਾਰ, ਏ.ਐਸ.ਆਈ. ਧਰਮਿੰਦਰ,ਮੁੱਖ ਸਿਪਾਹੀ ਰਵੀ ਕੁਮਾਰ, ਸੀਨੀਅਰ ਸਿਪਾਹੀ ਰਕੇਸ਼ ਕੁਮਾਰ, ਸੀਨੀਅਰ ਸਿਪਾਹੀ ਰਾਹੁਲ ਰਾਣਾ, ਸਿਪਾਹੀ ਹਰਪ੍ਰੀਤ ਸਿੰਘ, ਏ.ਐਸ.ਆਈ. ਜਸਵਿੰਦਰ ਪਾਲ, ਏ.ਐਸ.ਆਈ. ਤੀਰਥ ਰਾਮ ਨੂੰ ਪੁਲਿਸ ਵਿਭਾਗ ’ਚ ਵਧੀਆ ਕਦਾਰਗੁਜ਼ਾਰੀ ਲਈ ਸਨਮਾਨਿਆ ਗਿਆ।

ਤਾਰਾ ਸਿੰਘ ਸੇਵਾਦਾਰ, ਦਫ਼ਤਰ ਡਿਪਟੀ ਕਮਿਸ਼ਨਰ, ਰਮੇਸ਼ ਕੁਮਾਰ ਜੇ.ਈ., ਲੋਕ ਨਿਰਮਾਣ ਵਿਭਾਗ, ਹਰਪਾਲ ਸਿੰਘ, ਸੀਨੀਅਰ ਸਹਾਇਕ, ਡੀ ਸੀ ਦਫ਼ਤਰ, ਅਮਨੀਸ਼ ਕੁਮਾਰ, ਜੂਨੀਅਰ ਸਹਾਇਕ, ਦਫ਼ਤਰ ਡਿਪਟੀ ਕਮਿਸ਼ਨਰ, ਮਿਸ ਪਰਮਜੀਤ ਕੌਰ, ਕਲਰਕ, ਦਫ਼ਤਰ ਡਿਪਟੀ ਕਮਿਸ਼ਨਰ, ਕੁਲਦੀਪ ਸਿੰਘ ਸਫਾਈ ਸੇਵਕ, ਦਫਤਰ ਡਿਪਟੀ ਕਮਿਸ਼ਨਰ, ਰਾਕੇਸ਼ ਕੁਮਾਰ, ਸਫਾਈ ਸੇਵਕ, ਦਫ਼ਤਰ ਡਿਪਟੀ ਕਮਿਸ਼ਨਰ ਅਤੇ ਅਰੁਨ ਸ਼ਰਮਾ, ਪੁੱਤਰ ਸੁਰਿੰਦਰ ਕੁਮਾਰ ਵਾਸੀ ਪਿੰਡ ਜੀਂਦੋਵਾਲ, ਰਾਜ ਕੁਮਾਰ, ਬੀ.ਟੀ.ਈ. ਅਤੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਨੂੰ ਵੀ ਵਧੀਆ ਕਾਰਗੁਜ਼ਾਰੀ ਲਈ ਸਨਮਾਨਿਆ ਗਿਆ।ਇਸ ਮੌਕੇ ਐਮ ਐਲ ਏ ਨਵਾਂਸ਼ਹਿਰ ਡਾ. ਨਛੱਤਰ ਪਾਲ, ਡੀ ਸੀ ਨਵਜੋਤ ਪਾਲ ਸਿੰਘ ਰੰਧਾਵਾ, ਐਸ ਐਸ ਪੀ ਭਾਗੀਰਥ ਸਿੰਘ ਮੀਣਾ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਆਪ ਆਗੂ ਲਲਿਤ ਮੋਹਨ ਪਾਠਕ ਨਵਾਂਸ਼ਹਿਰ, ਕੁਲਜੀਤ ਸਿੰਘ ਸਰਹਾਲ ਬੰਗਾ, ਅਸ਼ੋਕ ਕਟਾਰੀਆ ਬਲਾਚੌਰ, ਇੰਪਰੂਵਮੈਂਟ ਟ ?ਰੱਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਬਲਬੀਰ ਸਿੰਘ ਕਰਨਾਣਾ ਤੇ ਜ਼ਿਲ੍ਹਾ ਸਕੱਤਰ ਆਪ ਗਗਨ ਅਗਨੀਹੋਤਰੀ ਮੌਜੂਦ ਸਨ।

## ਪੰਜਾਬ ਹੁਨਰ ਵਿਕਾਸ ਤਹਿਤ ਚੱਲ ਰਹੀਆਂ ਹੁਨਰ ਵਿਕਾਸ ਸਕੀਮਾਂ ਬਾਰੇ ਜਾਗਰੂਕ ਕੀਤਾ ਗਿਆ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**



ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੰਜਾਬ ਹੁਨਰ ਵਿਕਾਸ ਮਿਸ਼ਨ ਤਹਿਤ ਚੱਲ ਰਹੀਆਂ ਸਕੀਮਾਂ ਬਾਰੇ ਨਵਾਂਸ਼ਹਿਰ ਬਲਾਕ, ਬੰਗਾ ਬਲਾਕ, ਬਲਾਚੌਰ ਬਲਾਕ ਅਤੇ ਰਾਹੋਂ ਬਲਾਕ ਦੇ ਆਂਗਨਵਾੜੀ ਵਰਕਰਾਂ ਅਤੇ ਸੁਪਰਵਾਈਜ਼ਰਾਂ ਨੂੰ ਵਿਸ਼ੇਸ਼ ਕੈਂਪ ਲਾ ਕੇ ਜਾਣਕਾਰੀ ਦਿੱਤੀ ਗਈ। ਇਸ ਕੈਂਪ ਵਿੱਚ 100 ਦੇ ਤਕਰੀਬਨ ਆਂਗਨਵਾੜੀ ਵਰਕਰਾਂ ਅਤੇ ਸੁਪਰਵਾਈਜ਼ਰਾਂ ਨੇ ਭਾਗ ਲਿਆ।ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਦੀਆਂ ਹਦਾਇਤਾਂ ਅਨੁਸਾਰ ਇਸ ਕੈਂਪ ਵਿੱਚ ਸਿਰਫ ਸ਼ਹਿਰੀ ਆਂਗਨਵਾੜੀ ਵਰਕਰਾਂ ਅਤੇ ਸੁਪਰਵਾਈਜ਼ਰਾਂ ਨੂੰ ਦੱਸਿਆ ਗਿਆ ਕਿ ਸ਼ਹਿਰੀ ਮਿਸ਼ਨ ਅਧੀਨ ਚੱਲ ਰਹੀ ਸਕੀਮ ਦੀਨ ਦਿਆਲ ਅਨਤੋਦਿਆ ਯੋਜਨਾ ਤਹਿਤ ਸ਼ਹਿਰੀ ਨੌਜਵਾਨਾਂ ਲਈ ਫੀਲਡ ਨੈਟਵਰਕਿੰਗ ਟੈਕਨੀਸ਼ਅਨ ਤੇ ਸਟੋਰੇਜ ਕੋਰਸ ਲਈ 180 ਪ੍ਰਾਰਥੀਆਂ ਨੂੰ ਟ ?ਰੇਨਿੰਗ ਦਿੱਤੀ ਜਾਣੀ ਹੈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਇਸ ਟ ?ਰੇਨਿੰਗ ਲਈ ਪ੍ਰਾਰਥੀ ਦੀ ਉਮਰ 18 ਤੋਂ 35 ਸਾਲ ਅਤੇ ਪ੍ਰਾਰਥੀ 12ਵੀਂ ਪਾਸ ਹੋਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਜੀਵ ਕੁਮਾਰ ਦੁਆਰਾ ਵੀ ਸਕੀਮਾਂ ਬਾਰੇ ਦੱਸਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਸ ਸਕੀਮ ਵਿੱਚ ਦਾਖਲਾ ਲੈਣ ਲਈ 12ਵੀਂ ਪਾਸ ਆਪਣੇ ਆਧਾਰ ਕਾਰਡ ਅਤੇ ਜ਼ਰੂਰੀ ਦਸਤਾਵੇਜ਼ ਲੈ ਕੇ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਦੀ ਤੀਜੀ ਮੰਜ਼ਿਲ, ਕਮਰਾ ਨੰ: 413 ਵਿੱਚ ਆਪਣੀ ਰਜਿਸਟਰੇਸ਼ਨ ਕਰਵਾ ਸਕਦਾ ਹੈ। ਟਰੇਨਿੰਗ ਤੋਂ ਬਾਅਦ ਪ੍ਰਾਰਥੀਆਂ ਨੂੰ ਸਰਕਾਰੀ ਮਾਨਤਾ ਪ੍ਰਾਪਤ ਸਰਟੀਫਿਕੇਟ ਵੀ ਦਿੱਤਾ ਜਾਵੇਗਾ। ਟ ?ਰੇਨਿੰਗ ਵਿੱਚ ਪ੍ਰਾਰਥੀਆਂ ਨੂੰ ਵਰਦੀ ਅਤੇ ਕਿਤਾਬਾਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ।

## ਬਲੱਡ ਕੌਂਸਲ ਨਵਾਂਸ਼ਹਿਰ ਵਿਖੇ ਆਪਣੇ 59ਵੇਂ ਜਨਮ ਦਿਨ ’ਤੇ ਖ਼ੂਨਦਾਨ ਕਰਕੇ ਮਨਾਇਆ ਗਿਆ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**




ਕਿਰਪਾਲ ਸਿੰਘ ਝੱਲੀ ਸੇਵਾ ਮੁਕਤ ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਵਲੋਂ ਅੱਜ ਮਿਤੀ 27.01.2023 ਨੂੰ ਬਲੱਡ ਕੌਂਸਲ ਨਵਾਂਸ਼ਹਿਰ ਵਿਖੇ ਆਪਣੇ 59ਵੇਂ ਜਨਮ ਦਿਨ ’ਤੇ ਖ਼ੂਨਦਾਨ ਕਰਕੇ ਮਨਾਇਆ ਗਿਆ। ਇਸ ਮੌਕੇ ਝੱਲੀ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਸਮਾਜ ਦੀ ਸੇਵਾ ਕਰਦੇ ਰਹਿਣਾ ਚਾਹੀਦਾ ਹੈ। 18 ਸਾਲ ਤੋਂ 65 ਸਾਲ ਤੱਕ ਦਾ ਕੋਈ ਵੀ ਤੰਦਰੁਸਤ ਵਿਅਕਤੀ ਖ਼ੂਨਦਾਨ ਕਰ ਸਕਦਾ ਹੈ।ਸਾਨੂੰ ਸਾਰਿਆਂ ਨੂੰ ÷ਖ਼ੂਨਦਾਨ -ਮਹਾਂਦਾਨ÷ ਸਲੋਗਨ ਹੇਠ ਤੱਤਪਰ ਰਹਿਣਾ ਚਾਹੀਦਾ ਹੈ।ਇਸ ਲਈ ਦੁਨੀਆਂ ਨੂੰ ਅਜਿਹੇ ਕਰੋੜਾਂ ਬਹਾਦੁਰ ਯੋਧਿਆਂ ਦੀ ਲੋੜ ਹੈ ਜੋ ਨਿਸ਼ਕਾਮ ਸੇਵਾ ਭਾਵਨਾ ਤਹਿਤ ਖ਼ੂਨਦਾਨ ਕਰਕੇ ਮੌਤ ਨਾਲ ਲੜ ਰਹੇ ਮਰੀਜਾਂ ਦੀ ਮੱਦਦ ਕਰਕੇ ਉਨਾ ਨੂੰ ਮੌਤ ਦੇ ਮੂੰਹ ’ਚੋਂ ਵਾਪਸ ਲੈ ਆਉਣ ਦਾ ਯਤਨ ਕਰਦੇ ਹਨ ।ਇਸ ਮੌਕੇ ਡਾ. ਅਜੇ ਬੱਗਾ ਸੇਵਾ ਮੁਕਤ ਸਿਵਲ ਸਰਜਨ ਬਲੱਡ ਡੋਨਰਜ ਕੌਂਸਲ ਨਵਾਂਸ਼ਹਿਰ ਵਲੋਂ ਸਮਾਜ ਦੀ ਸੇਵਾ ਕਰਦੇ ਰਹਿਣ ਅਤੇ ਯਤਨਸ਼ੀਲ ਲਈ ਕਿਰਪਾਲ ਸਿੰਘ ਝੱਲੀ ਨੂੰ ਪ੍ਰਸੰਸਾ ਸਰਟੀਫਕੇਟ ਵੀ ਤਕਸੀਮ ਕੀਤਾ ਗਿਆ। ਇਸ ਮੌਕੇ ਬਲੱਡ ਕੌਂਸਲ ਨਵਾਂਸ਼ਹਿਰ ਦੇ ਕਰਮਚਾਰੀ ਵੀ ਹਾਜਰ ਸਨ।